Downloaded from https:// www.studiestoday.com

# ਸੰਗੀਤ ਗਾਇਨ

( ਬਾਰ੍ਹਵੀਂ ਸ਼੍ਰੇਣੀ ਲਈ )

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

ਪਹਿਲਾ ਸੰਸਕਰਨ : 2017......................ਕਾਪੀਆਂ

ਸਾਰੇ ਅਧਿਕਾਰ, ਅਨੁਵਾਦ, ਪੁਨਰ: ਛਪਾਈ ਆਦਿ
ਪੰਜਾਬ ਸਰਕਾਰ ਵੱਲੋਂ ਰਾਖਵੇਂ ਹਨ।

ਸੰਪਾਦਕ ਅਤੇ ਵਿਸ਼ਾ ਕੋਂਡੀਨੇਟਰ : ਸ੍ਰੀਮਤੀ ਚਰਨਪ੍ਰੀਤ ਕੌਰ, ਲੈਕਚਰਾਰ ਸੰਗੀਤ
ਪੰਜਾਬ ਸਕੂਲ ਸਿੱਖਿਆ ਬੋਰਡ

ਲੇਖਕ : (1) ਸ੍ਰੀਮਤੀ ਕਰਨਵੀਰ ਕੌਰ, ਸੰਗੀਤ, ਪਸਸਬ ਆਦਰਸ਼
ਸੀਨੀ: ਸੈਂ: ਸਕੂਲ ਧਰਦਿਉ ਬੁਟਰ, ਸ੍ਰੀ ਅਮ੍ਰਿਤਸਰ ਸਾਹਿਬ।

(2) ਸ੍ਰੀ ਮਨਪ੍ਰੀਤ ਕੌਰ, ਸੰਗੀਤ ਮਿਸਟ੍ਰੈਸ ਸਰਕਾਰੀ ਮਾਡਲ
ਸੀਨੀ. ਸੈ: ਸਕੂਲ ਸੈਕਟਰ 37-ਡੀ ਚੰਡੀਗੜ੍ਹ।

ਅਨੁਵਾਦਕ /ਸ਼ੋਸ਼ੋਦਕ : ਸ੍ਰੀਮਤੀ ਸ਼ਸੀ ਅਰਵਿੰਦ, ਰਿਟਾਇਡ, ਸੰਗੀਤ ਟੀਚਰ

ਕਵਰ ਡਿਜ਼ਾਇਨ (ਚਿੱਤਰਕਾਰ): ਸ੍ਰੀ ਮਨਜੀਤ ਸਿੰਘ ਢਿਲੋਂ, ਸੀਨੀਅਰ ਆਰਟਿਸਟ,
ਪੰਜਾਬ ਸਕੂਲ ਸਿੱਖਿਆ ਬੋਰਡ

**ਚੇਤਾਵਨੀ**

1. ਕੋਈ ਵੀ ਏਜੰਸੀ ਧਾਰਕ ਵਾਧੂ ਪੈਸੇ ਲੈਣ ਦੇ ਉਦੇਸ਼ ਨਾਲ਼ ਪਾਠ-ਪੁਸਤਕ ਦੀ ਜ਼ਿਲਦਬੰਦੀ ਨਹੀਂ ਕਰ ਸਕਦਾ (ਏਜੰਸੀ ਵਾਲ਼ਿਆਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਦੀ ਜਾਅਲੀ ਅਤੇ ਨਕਲੀ ਪ੍ਰਕਾਸ਼ਨ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਸਜ਼ਾ ਪ੍ਰਨਾਲ਼ੀ ਦੇ ਅਧੀਨ ਗ਼ੈਰ-ਕਾਨੂੰਨੀ ਅਪਰਾਧ ਹੈ। (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਦੇ ਉੱਪਰ ਹੀ ਛਾਪੀਆਂ ਜਾਂਦੀਆਂ ਹਨ।

ਮੁੱਲ :

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ......................................ਰਾਹੀਂ ਛਾਪੀ ਗਈ।



Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੇ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪੱਧਰ ਤੇ ਸਾਰੇ ਵਿਸ਼ਿਆਂ ਦੇ ਪਾਠਕ੍ਰਮ ਸੋਧ ਕਰਨ ਅਤੇ ਸੋਧੇ ਹੋਏ ਪਾਠਕ੍ਰਮ ਦੇ ਅਨੁਸਾਰ ਪਾਠ ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਸੰਗੀਤ (ਗਾਇਨ) ਵਿਸ਼ੇ ਦਾ ਪਾਠਕ੍ਰਮ ਕਈ ਸਾਲਾਂ ਤੋਂ ਪੁਰਾਣਾ ਹੀ ਲਾਗੂ ਸੀ। ਆਧੁਨਿਕ ਯੁੱਗ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨੈਸ਼ਨਲ ਕਰੀਕਲੁਮ ਫਰੇਮਵਰਕ-2005, ਪੀ. ਸੀ. ਐੱਫ 2013 ਦੀ ਸਿਫਾਰਿਸ਼ਾਂ ਨੂੰ ਮੁੱਖ ਰੱਖ ਕੇ ਅਤੇ ਉਹਨਾਂ ਦੇ ਸੁਝਾਵਾਂ ਦੇ ਅਨੁਸਾਰ ਅਕਾਦਮਿਕ ਸਾਲ 2016-17 ਤੋਂ ਖੇਤਰੀ ਮਾਹਿਰਾਂ ਦੇ ਸਹਿਯੋਗ ਤੋਂ ਪਾਠਕ੍ਰਮ ਵਿੱਚ ਸੋਧਾਂ ਕਰਵਾਈਆਂ ਗਈਆਂ ਹਨ। ਸੋਧੇਂ ਹੋਏ ਪ੍ਰਾਠਕ੍ਰਮ ਦੇ ਅਨੁਸਾਰ ਅਕਾਦਮਿਕ ਸਾਲ 2017-18 ਤੋਂ ਸੰਗੀਤ ਵਿਸ਼ੇ ਦੀਆਂ ਨਵੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ।

ਹਥਲੀ ਪਾਠ-ਪੁਸਤਕ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਪੁਸਤਕ ਦੀ ਵਿਸ਼ਾ ਵਸਤੂ ਨੂੰ ਰੋਚਕ, ਸਰਲ ਅਤੇ ਸਪਸ਼ਟ ਬਣਾਉਣ ਲਈ ਜ਼ਰੂਰੀ ਸਾਜ ਅਤੇ ਸੰਗੀਤਕਾਰਾਂ ਦੇ ਚਿੱਤਰ ਦਿੱਤੇ ਗਏ ਹਨ। ਗਾਇਨ ਦੇ ਅਭਿਆਸ ਦੇ ਲਈ ਕਿਰਿਆਤਮਕ ਭਾਗ ਵਿੱਚ ਸੁਰ ਅਭਿਆਸ ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ ਤਾਂ ਕਿ ਵਿਦਿਆਰਥੀ ਸੰਗੀਤ ਦੇ ਕਿਰਿਆਤਮਕ ਰੂਪ ਨੂੰ ਗ੍ਰਹਿਣ ਕਰ ਸਕਣ।

ਆਸ ਹੈ ਕਿ ਇਹ ਪੁਸਤਕ ਵਿਦਿਆਰਥੀਆਂ ਵਿੱਚ ਸੰਗੀਤ ਵਿਸ਼ੇ ਦੇ ਪ੍ਰਤੀ ਰੁਚੀ ਉਤਪੰਨ ਕਰੇਗੀ। ਇਹ ਪੁਸਤਕ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਲਾਭਦਾਇਕ ਸਿੱਧ ਹੋਵੇਗੀ। ਫਿਰ ਵੀ ਪੁਸਤਕ ਨੂੰ ਹੋਰ ਰੋਚਕ ਬਣਾਉਣ ਦੇ ਲਈ ਖੇਤਰ ਵਿੱਚੋਂ ਪ੍ਰਾਪਤ ਸੁਝਾਵਾਂ ਦਾ ਆਦਰ ਸਹਿਤ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**
ਪੰਜਾਬ ਸਕੂਲ ਸਿੱਖਿਆ ਬੋਰਡ



Downloaded from https:// www.studiestoday.com

Downloaded from https:// www.studiestoday.com

# ਵਿਸ਼ਾ-ਸੂਚੀ


| ਪਾਠ ਨੰ. | ਵਿਸ਼ਾ | ਪੰਨਾ ਨੰ. |
|---|---|---|
| 1. | ਆਧੁਨਿਕ ਕਾਲ ਵਿੱਚ ਭਾਰਤੀ ਸੰਗੀਤ ਬਾਰੇ ਜਾਣਕਾਰੀ | |
| 2. | ਸੰਗੀਤ ਦੇ ਸ਼ਾਜ਼ | |
| | ੳ. ਤਬਲਾ, ਇਤਿਹਾਸ, ਅੰਗ ਵਰਣਨ | |
| | ਅ. ਹਰਮੋਨੀਅਮ, ਇਤਿਹਾਸ, ਅੰਗ ਵਰਣਨ | |
| 3. | ਰਾਗ ਦਾ ਸਮਾ ਸਿਧਾਂਤ | |
| 4. | ਪਰਿਭਾਸ਼ਾਵਾਂ | |
| | ਵਰਣ, ਕਣ ਖਟਕਾ, ਮੁਰਕੀ, ਗਮਕ, ਗਾਇਕ, ਗਾਇਕੀ, ਸ਼ੁਧ ਰਾਗ, ਛਾਇਆ ਰਾਗ, ਸੰਕੀਰਣ ਰਾਗ, ਲਕਸ਼ਣ ਗੀਤ | |
| 5. | ਗਾਇਕ ਦੇ ਗੁਣ ਤੇ ਦੋਸ਼ | |
| 6. | ਥਾਟ - ਪਰਿਭਾਸ਼ਾ, ਨਿਯਮ, ਭਾਤਖੰਡੇ ਜੀ ਦੇ ਦਸ ਥਾਟ, ਰਾਗ ਤੇ ਥਾਟ ਦੇ ਨਿਯਮਾ ਦੀ ਤੁਲਾਤਮਕ ਅਧਿਐਨ | |
| 7. | ਪ੍ਰਸਤਾਵ : | |
| (i) | ਸੰਗੀਤ ਵਿੱਚ ਤਾਲ ਦਾ ਮਹੱਤਵ | |
| (ii) | ਸੰਗੀਤ ਅਤੇ ਲਲਿਤ ਕਲਾਵਾਂ | |
| 8. | ਜੀਵਨੀਆਂ | |
| (i) | ਬੜੇ ਗੁਲਾਮਅਲੀ ਖਾਂ | |
| (ii) | ਭੀਮਸੇਨ ਜੋਸ਼ੀ | |
| (iii) | ਪ੍ਰੋ. ਬਲਦੇਵ ਸ਼ਰਨ ਨਾਰੰਗ | |
| (iv) | ਉਸਤਾਦ ਫੈਯਾਜ ਖਾਂ | |




Downloaded from https:// www.studiestoday.com

Downloaded from https:// www.studiestoday.com


| ਪਾਠ ਨੰ. | ਵਿਸ਼ਾ | ਪੰਨਾ ਨੰ. |
|---|---|---|
| 9. | ਗਾਇਨ ਸ਼ੈਲੀਆਂ | |
| 10. | ਪੰਜਾਬ ਦੇ ਉੱਘੇ ਲੋਕ ਗਾਇਕਾ ਦਾ ਲੋਕ ਸੰਗੀਤ ਵਿੱਚ ਯੋਗਦਾਨ | |
| 11. | 10 ਅਲੰਕਾਰ | |
| 12 | ਤਾਲਾਂ: ਰੁਪਕਤਾਲ, ਇੱਕਤਾਲ, ਝੱਪਤਾਲ, ਸੁਲਤਾਨ, ਤਿਲਵਾੜਾ, ਧਮਾਰਤਾਲ | |
| 13. | ਰਾਗ ਭੈਰਵ, ਸਾਧਾਰਨ ਪਰਿਚੈ, ਅਲਾਪ ਵੱਡਾ ਖਿਆਲ, ਤਾਨਾਂ, ਛੋਟਾ ਖਿਆਲ, ਤਾਨਾਂ | |
| 14. | ਰਾਗ ਭੀਮਪਲਾਸੀ -ਸਾਧਾਰਨ ਪਰਿਚੈ, ਅਲਾਪ, ਵੱਡਾ ਖਿਆਲ, ਤਾਨਾਂ, ਛੋਟਾ ਖਿਆਲ, ਤਾਨਾਂ | |
| 15. | ਰਾਗ ਮਾਲਕੌਂਸ : ਸਾਧਾਰਨ ਪਰਿਚੈ, ਅਲਾਪ, ਵੱਡਾ ਖਿਆਲ, ਤਾਨਾਂ ਛੋਟਾ ਖਿਆਲ, | |
| 16. | ਰਾਗ ਖਮਾਜ: ਸਾਧਾਰਨ ਪਰਿਚੈ, ਅਲਾਪ, ਛੋਟਾ ਖਿਆਲ, ਤਾਨਾ | |
| 17. | ਤਰਾਨਾਂ: (i) ਰਾਗ ਭੀਮ ਪਲਾਸੀ<br>(ii) ਰਾਗ ਮਾਲਕੌਂਸ | |


❊❊❊



Downloaded from https:// www.studiestoday.com

Downloaded from https:// www.studiestoday.com

# ਆਧੁਨਿਕ ਕਾਲ ਵਿੱਚ ਭਾਰਤੀ ਸੰਗੀਤ ਬਾਰੇ ਜਾਣਕਾਰੀ

ਪਾਠ 1

ਭਾਰਤੀ ਸੰਗੀਤ ਦੇ ਆਧੁਨਿਕ ਕਾਲ ਦਾ ਆਰੰਭ 1800 ਈਸਵੀ ਤੋਂ ਮੰਨਿਆ ਜਾਂਦਾ ਹੈ। ਇਹ ਉਹ ਸਮਾਂ ਸੀ ਜਦੋਂ ਭਾਰਤ ਮੁਸਲਮਾਨ ਸ਼ਾਸ਼ਕਾਂ ਦੀ ਸ਼ਕਤੀ ਘਟਣ ਲੱਗ ਪਈ ਸੀ ਅਤੇ ਅੰਗਰੇਜੀ ਰਾਜ ਦਾ ਆਰੰਭ ਹੋਣਾ ਸ਼ੁਰੂ ਹੋ ਗਿਆ। ਅੰਗਰੇਜ਼ਾਂ ਦੇ ਆਗਮਨ ਨਾਲ ਅੰਗਰੇਜ਼ੀ ਸੱਭਿਅਤਾ ਦਾ ਵੀ ਅਗਮਨ ਹੋਇਆ, ਅੰਗਰੇਜ਼ੀ ਸੱਭਿਅਤਾ ਦਾ ਪ੍ਰਭਾਵ ਭਾਰਤੀ ਰਿਆਸਤਾਂ ਤੇ ਵੀ ਪਿਆ। ਅੰਗਰੇਜ਼ਾਂ ਨੇ ਭਾਰਤੀ ਰਿਆਸਤਾਂ ਦੇ ਮਾਲਕਾਂ ਨੂੰ ਆਪਣੀਆਂ ਉਂਗਲਾਂ ਤੇ ਨਚਾਉਣਾ ਸ਼ੁਰੂ ਕਰ ਦਿੱਤਾ। ਰਿਆਸਤਾਂ ਦੇ ਮਾਲਕ ਭਾਰਤੀ ਸੰਗੀਤ ਕਲਾ ਵੱਲੋਂ ਬੇਮੁੱਖ ਹੋਣੇ ਸ਼ੁਰੂ ਹੋ ਗਏ। ਭਾਰਤੀ ਸੰਗੀਤਕਾਰਾਂ ਨੂੰ ਰਿਆਸਤਾਂ ਤੋਂ ਮਿਲਣ ਵਾਲੀ ਆਰਥਿਕ ਸਹਾਇਤਾ ਵੀ ਬੰਦ ਕਰ ਦਿੱਤੀ ਗਈ। ਅਜਿਹੇ ਸਮੇਂ ਵਿੱਚ ਸੰਗੀਤਕਾਰਾਂ ਦੀ ਹਾਲਤ ਖਰਾਬ ਹੋਣ ਲੱਗ ਪਈ। ਸੰਗੀਤ ਘਰਾਣਿਆਂ ਵਿੱਚ ਹੀ ਸੀਮਿਤ ਹੋਣ ਲੱਗਾ। ਵੇਸ਼ਵਾਵਾਂ ਦੇ ਕੋਠਿਆਂ ਤੱਕ ਹੀ ਸੰਗੀਤ ਕਲਾ ਸੀਮਤ ਹੋ ਗਈ। ਇਸ ਸਮੇਂ ਸੰਗੀਤ ਨੂੰ ਨਫ਼ਰਤ ਦੀ ਨਿਗ੍ਹਾ ਨਾਲ ਦੇਖਿਆ ਜਾਣ ਲੱਗਾ। ਆਮ ਜਨਤਾ ਸੰਗੀਤ ਕਲਾ ਤੋਂ ਦੂਰ ਜਾਣ ਲੱਗ ਪਈ। ਪੱਛਮੀ ਸਿੱਖਿਆ ਦੇ ਪ੍ਰਭਾਵ ਹੇਠ ਲੋਕ ਆਪਣੀ ਸੰਸਕ੍ਰਿਤੀ ਨੂੰ ਭੁੱਲਣ ਲੱਗ ਪਏ ਅਤੇ ਪੱਛਮੀ ਸੰਗੀਤ ਵੱਲ ਲੋਕਾਂ ਦਾ ਝੁਕਾਅ ਵੱਧਣ ਲੱਗ ਪਿਆ। ਅਜਿਹੇ ਸਮੇਂ ਵਿੱਚ ਸੰਗੀਤਕਾਰਾਂ ਨੇ ਵੀ ਸੰਗੀਤ ਸਿੱਖਿਆ ਨੂੰ ਆਪਣੇ ਘਰ ਤੱਕ ਸੀਮਿਤ ਕਰ ਲਿਆ। ਉਹ ਕੇਵਲ ਆਪਣੇ ਬੱਚਿਆਂ ਜਾਂ ਖਾਸ ਰਿਸ਼ਤੇਦਾਰਾਂ ਨੂੰ ਹੀ ਇਸ ਕਲਾ ਦੀ ਤਾਲੀਮ ਦਿੰਦੇ ਸਨ। ਇਸ ਪ੍ਰਕਾਰ ਇਸ ਸਮੇਂ ਵਿੱਚ ਘਰਾਣਾ ਪ੍ਰਥਾ ਦਾ ਜਨਮ ਹੋਇਆ ਅਤੇ ਸੰਗੀਤ ਦੇ ਵੱਖ-2 ਘਰਾਣੇ ਪਟਿਆਲਾ, ਗਵਾਲੀਅਰ, ਜੈਪੁਰ, ਰਾਮਪੁਰ, ਆਦਿ ਘਰਾਣਿਆ ਦਾ ਜਨਮ ਹੋਇਆ।

ਇਸ ਮੰਦ ਭਾਗੇ ਸਮੇਂ ਵਿੱਚ ਵੀ ਕੁਝ ਸੰਗੀਤ ਵਿਦਵਾਨਾਂ ਨੇ ਸੰਗੀਤ ਦੀ ਉੱਨਤੀ ਦਾ ਕੰਮ ਜਾਰੀ ਰੱਖਿਆ ਅਤੇ ਇਸ ਸਮੇਂ ਵਿੱਚ ਸੰਗੀਤ ਦੇ ਵੱਖ-ਵੱਖ ਗ੍ਰੰਥਾਂ ਦੀ ਰਚਨਾ ਕੀਤੀ ਗਈ।

ਮੁਹੰਮਦ ਰਜ਼ਾ ਨੇ 'ਨਗਮਾਤੇ ਆਸਫ਼ੀ' ਨਾਮਕ ਗ੍ਰੰਥ ਰਚਿਆ। ਇਸ ਗ੍ਰੰਥ ਵਿੱਚ ਉਹਨਾਂ ਨੇ ਰਾਗ -ਰਾਗਨੀਆਂ ਦਾ ਮੱਤ ਪੇਸ਼ ਕੀਤਾ।

ਇਸ ਸਮੇਂ ਵਿੱਚ ਹੀ ਅੰਗਰੇਜ਼ ਸੰਗੀਤ ਵਿਦਵਾਨ ਕੈਪਟਨ ਡੇ, ਕੈਪਟਨ ਵਿਲਰਡ, ਵਿਲੀਅਮ ਜੌਨ ਆਦਿ ਨੇ ਭਾਰਤੀ ਸੰਗੀਤ ਦਾ ਅਧਿਐਨ ਕਰਕੇ ਪੁਸਤਕਾਂ ਲਿਖੀਆਂ ਜੋ ਕਿ ਭਾਰਤੀ ਸੰਗੀਤ ਲਈ ਇੱਕ ਮਾਣ ਵਾਲੀ ਗੱਲ ਸੀ। ਕੈਪਟਨ ਵਿਲਰਡ ਦੀ ਪੁਸਤਕ 'A Treatise on the music of Hindustan' ਪ੍ਰਕਾਸ਼ਿਤ ਹੋਈ।

ਇਨ੍ਹਾਂ ਤੋਂ ਇਲਾਵਾ 'ਸੰਗੀਤ ਰਾਗ ਕਲਪਦ੍ਰੁਮ' ਗ੍ਰੰਥ ਦੀ ਰਚਨਾ ਸ੍ਰੀ ਕ੍ਰਿਸ਼ਨ ਨੰਦ ਵਿਆਸ ਨੇ ਕੀਤੀ।



Downloaded from https:// www.studiestoday.com

Downloaded from https:// www.studiestoday.com

ਬੰਗਾਲ ਦੀ ਧਰਤੀ ਦੇ ਪ੍ਰਸਿੱਧ ਵਿਦਵਾਨ ਸਰ ਐੱਸ. ਐੱਮ. ਟੈਗੋਰ ਨੇ 'The Universal History of Music' ਨਾਮਕ ਪੁਸਤਕ ਲਿਖੀ, ਜਿਸਨੇ ਸੰਗੀਤ ਦੇ ਇਤਿਹਾਸ ਵਿੱਚ ਬਹੁਤ ਸਨਮਾਨ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸੰਗੀਤ ਦਾ ਪ੍ਰਚਾਰ ਵਧਣਾ ਸ਼ੁਰੂ ਹੋ ਗਿਆ। ਸੰਗੀਤ ਦਾ ਪ੍ਰਚਾਰ ਕਰਨ ਵਿੱਚ ਦੋ ਸੰਗੀਤਕਾਰਾਂ ਨੇ ਅਹਿਮ ਭੂਮਿਕਾ ਨਿਭਾਈ ਉਹ ਸਨ ਪੰ. ਵਿਸ਼ਨੂੰ ਦਿਗੰਬਰ ਪਲੁਸਕਰ ਅਤੇ ਪੰ. ਵਿਸ਼ਨੂੰ ਨਰਾਇਣ ਭਾਤਖੰਡੇ ।

**ਪੰ. ਵਿਸ਼ਨੂੰ ਦਿਗੰਬਰ ਪਲੁਸਕਰ**

ਪੰ. ਵਿਸ਼ਨੂੰ ਦਿਗੰਬਰ ਪਲੁਸਕਰ ਜੀ ਨੇ ਸੰਗੀਤ ਵਿੱਚ ਭਗਤੀ ਰਸ ਨੂੰ ਭਰਿਆ। ਇਸ ਪ੍ਰਕਾਰ ਆਮ ਲੋਕ ਸੰਗੀਤ ਦੇ ਨੇੜੇ ਆਉਣ ਲੱਗੇ। ਸੰਗੀਤ ਨਾਲ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਆਪਨੇ ਕੀਤੀ। ਜਿਨ੍ਹਾਂ ਵਿੱਚ ਸੰਗੀਤ ਬਾਲ ਪ੍ਰਕਾਸ਼, ਸੰਗੀਤ ਬਾਲ ਬੋਧ, ਹੋਰੀ ਗਾਇਨ, ਰਾਗ ਪ੍ਰਵੇਸ਼, ਨਾਰਦੀਯ ਸ਼ਿਕਸ਼ਾ ਸਟੀਕ, ਭਗਤ ਅੰਮ੍ਰਿਤ ਲਹਿਰੀ, ਟੱਪਾ ਗਾਇਨ ਆਦਿ ਪੁਸਤਕਾਂ ਪ੍ਰਮੁੱਖ ਹਨ। ਸੰਨ 1901 ਵਿੱਚ ਲਾਹੌਰ ਵਿਖੇ 'ਗੰਧਰਵ ਮਹਾਂ ਵਿਦਿਆਲਯ' ਦੀ ਸਥਾਪਨਾ ਕੀਤੀ। ਜਿਸ ਵਿੱਚ ਜਨ ਸਧਾਰਨ ਨੂੰ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਸੀ। ਸੰਨ 1908 ਵਿੱਚ ਇਸਦੀ ਦੂਸਰੀ ਸ਼ਾਖਾ ਬੰਬਈ ਵਿੱਚ ਖੋਲੀ। ਇਹ ਸੰਸਥਾਵਾਂ ਧਨ ਲਈ ਆਮ ਜਨਤਾ ਤੇ ਹੀ ਨਿਰਭਰ ਸੀ। ਆਪ ਨੇ ਸੰਗੀਤ ਦੀਆਂ ਰਚਨਾਵਾਂ ਨੂੰ ਲਿਖਣ ਲਈ ਇੱਕ ਨਵੀਨ ਸੁਰ ਲਿਪੀ ਪੱਧਤੀ ਦੀ ਸਥਾਪਨਾ ਵੀ ਕੀਤੀ।

**ਪੰ. ਵਿਸ਼ਨੂੰ ਨਰਾਇਣ ਭਾਤਖੰਡੇ**

ਸੰਗੀਤ ਦੇ ਮਹਾਨ ਪ੍ਰਚਾਰਕ ਅਤੇ ਸੁਧਾਰਕ ਪੰ. ਵਿਸ਼ਨੂੰ ਨਰਾਇਣ ਭਾਤਖੰਡੇ ਸੰਗੀਤ ਦੇ ਯੁੱਗ ਪੁਰਸ਼ ਹੋਏ ਹਨ। ਆਪਨੇ ਪੂਰੇ ਭਾਰਤ ਦਾ ਦੌਰਾ ਕਰਕੇ ਸੰਗੀਤ ਦੀਆਂ ਵੱਖ-ਵੱਖ ਗਾਇਨ ਸ਼ੈਲੀਆਂ ਦੀਆਂ ਰਚਨਾਵਾਂ ਨੂੰ ਇੱਕਠਾ ਕਰਕੇ ਉਨ੍ਹਾਂ ਨੂੰ ਪੁਸਤਕ ਦੇ ਰੂਪ ਵਿੱਚ ਛਪਵਾਇਆ। ਇਸ ਪ੍ਰਕਾਰ ਆਪਨੇ ਤੰਗਦਿਲ ਸੰਗੀਤਕਾਰਾਂ ਤੋਂ ਇਹ ਰਚਨਾਵਾਂ ਲੈ ਕੇ ਆਮ ਜਨਤਾ ਤੱਕ ਪਹੁੰਚਾਈਆਂ। ਆਪ ਨੇ ਵੱਖ-ਵੱਖ ਭਾਸ਼ਾਵਾਂ ਵਿੱਚ ਸੰਗੀਤ ਨਾਲ ਸੰਬੰਧਿਤ ਪੁਸਤਕਾਂ ਲਿਖੀਆਂ। ਜਿਨ੍ਹਾਂ ਵਿੱਚ ਪ੍ਰਮੁੱਖ ਹਨ-ਅਭਿਨਵ ਰਾਗ ਮੰਜਰੀ, ਲਕਸ਼ਯ ਸੰਗੀਤ, ਕ੍ਰਮਿਕ ਪੁਸਤਕ ਮਾਲਿਕਾ, ਹਿੰਦੁਸਤਾਨੀ ਸੰਗੀਤ ਪੱਧਤੀ, ਸਵਰ ਮਾਲਿਕਾ, A Short Historical Survey of the Music of Upper India, ਆਦਿ। ਪੰ. ਭਾਤਖੰਡੇ ਜੀ ਨੇ ਕਈ ਲਕਸ਼ਣ ਗੀਤਾਂ ਦੀ ਰਚਨਾ ਵੀ ਕੀਤੀ।

ਪੰ. ਭਾਂਤਖੰਡੇ ਜੀ ਨੇ ਸੰਗੀਤ ਦੀਆਂ ਰਚਨਾਵਾਂ ਨੂੰ ਸੌਖੇ ਤਰੀਕੇ ਨਾਲ ਲਿਖਣ ਲਈ ਸੁਰ ਲਿਪੀ ਪੱਧਤੀ ਦੀ ਖੋਜ ਕੀਤੀ ਜਿਸਨੂੰ ਅੱਜ ਭਾਂਤਖੰਡੇ ਸੁਰ ਲਿਪੀ ਪੱਧਤੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਭਾਂਤਖੰਡੇ ਜੀ ਨੇ ਆਮ ਜਨਤਾ ਵਿੱਚ ਸੰਗੀਤ ਦੀ ਰੁਚੀ ਨੂੰ ਵਧਾਉਣ ਲਈ ਸੰਗੀਤ ਸੰਮੇਲਨਾਂ ਦੀ ਸ਼ੁਰੂਆਤ ਕੀਤੀ। ਆਪਨੇ ਮਾਧਵ ਸੰਗੀਤ ਵਿਦਿਆਲਿਆ ਗਵਾਲੀਅਰ, ਮਿਊਜ਼ਿਕ ਕਾਲਜ ਬੜੌਦਾ ਅਤੇ ਮੈਰਿਸ ਮਿਊਜ਼ਿਕ ਕਾਲਜ ਲਖਨਊ ਦੀ ਸਥਾਪਨਾ ਕੀਤੀ। ਇਸ ਪ੍ਰਕਾਰ ਪੰ. ਭਾਤਖੰਡੇ ਜੀ ਨੇ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਆਪਣਾ ਬਹੁਤ ਵੱਡਮੁਲਾ ਯੋਗਦਾਨ ਪਾਇਆ।

**ਸੁਤੰਤਰ ਭਾਰਤ ਵਿੱਚ ਸੰਗੀਤ :**

ਸੰਨ 1947 ਵਿੱਚ ਭਾਰਤ ਅੰਗਰੇਜਾਂ ਦੇ ਚੁੰਗਲ ਵਿੱਚੋਂ ਅਜ਼ਾਦ ਹੋ ਗਿਆ। ਭਾਰਤ ਦੀ ਅਜ਼ਾਦੀ ਦੇ ਨਾਲ-2 ਸੰਗੀਤ ਕਲਾ ਦੇ ਵਿਕਾਸ ਨੇ ਵੀ ਇੱਕ ਨਵੀਂ ਕਰਵਟ ਬਦਲੀ। ਭਾਰਤ ਵਿੱਚ ਰਾਜਿਆਂ ਦਾ



Downloaded from https:// www.studiestoday.com

Downloaded from https:// www.studiestoday.com

ਰਾਜ ਸਮਾਪਤ ਹੋ ਗਿਆ ਅਤੇ ਪੂਰੇ ਭਾਰਤ ਵਿੱਚ ਇੱਕ ਨਵੀਂ ਕੇਂਦਰੀ ਸਰਕਾਰ ਬਣ ਗਈ। ਭਾਰਤੀ ਸਰਕਾਰ ਨੇ ਆਪਣੀ ਸੱਭਿਅਤਾ ਅਤੇ ਸੰਸਕ੍ਰਿਤੀ ਨੂੰ ਉੱਪਰ ਚੁੱਕਣ ਲਈ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ। ਕਲਾ ਦਾ ਵਿਕਾਸ ਕਿਸੇ ਦੇਸ਼ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਭਾਰਤ ਸਰਕਾਰ ਨੇ ਇਸ ਪੱਖ ਤੇ ਬਾਖੂਬੀ ਅਮਲ ਕੀਤਾ। ਸੰਗੀਤ ਕਲਾ ਨੂੰ ਉਤਸ਼ਾਹਿਤ ਕਰਨ ਲਈ ਸੰਨ 1952 ਤੋਂ ਰਾਸ਼ਟਰਪਤੀ ਪੁਰਸਕਾਰ ਦੇਣਾ ਸ਼ੁਰੂ ਕੀਤਾ। 1953 ਈ. ਵਿੱਚ 'ਸੰਗੀਤ ਨਾਟਕ ਅਕਾਦਮੀ' ਦੀ ਸਥਾਪਨਾ ਕੀਤੀ ਗਈ ਅਤੇ 1954 ਵਿੱਚ 'ਲਲਿਤ ਕਲਾ ਅਕਾਦਮੀ' ਦੀ ਸਥਾਪਨਾ ਕੀਤੀ। ਇਸ ਨਾਲ ਸੰਗੀਤਕਾਰਾਂ ਨੂੰ ਉਤਸ਼ਾਹ ਮਿਲਣਾ ਸ਼ੁਰੂ ਹੋ ਗਿਆ। ਇਨ੍ਹਾਂ ਤੋਂ ਇਲਾਵਾ ਸੰਗੀਤਕਾਰਾਂ ਨੰ ਪਦਮ ਵਿਭੂਸਣ, ਪਦਮ ਭੂਸ਼ਣ ਅਤੇ ਪਦਮ ਸ੍ਰੀ ਵਰਗੇ ਅਲੰਕਰਣਾਂ ਨਾਲ ਵੀ ਸਨਮਾਨਿਤ ਕੀਤਾ ਜਾਂਦਾ ਹੈ।

### ਸੰਮੇਲਨ

ਦੇਸ਼ ਵਿੱਚ ਸੰਗੀਤ ਸੰਮੇਲਨ ਕਰਵਾਉਣ ਲਈ ਸਰਕਾਰ ਵੱਲੋਂ ਸਹਾਇਤਾ ਦਿੱਤੀ ਜਾਂਦੀ ਹੈ। ਇਨ੍ਹਾਂ ਵਿਚ ਪ੍ਰਯਾਗ ਹਰੀਵੱਲਭ ਸੰਗੀਤ ਸੰਮੇਲਨ ਜਲੰਧਰ, ਰੇਡੀਓ ਸੰਗੀਤ ਸੰਮੇਲਨ, ਪ੍ਰਯਾਗ ਸੰਗੀਤ ਸਮੇਲਨ, ਪ੍ਰਯਾਗ ਆਦਿ ਵਰਣਨਯੋਗ ਹਨ। ਇਨ੍ਹਾਂ ਸੰਮੇਲਨਾਂ ਵਿੱਚ ਚੋਟੀ ਦੇ ਕਲਾਕਾਰ ਅਤੇ ਨਵੇਂ ਉੱਭਰਦੇ ਕਲਾਕਾਰ ਹਿੱਸਾ ਲੈਂਦੇ ਹਨ। ਇਸ ਨਾਲ ਜਨਤਾ ਵਿੱਚ ਸੰਗੀਤ ਪ੍ਰਤੀ ਪ੍ਰੇਮ ਅਤੇ ਰੁਚੀ ਵਿੱਚ ਵਾਧਾ ਹੋਇਆ ਹੈ।

### ਦੂਰਦਰਸ਼ਨ ਅਤੇ ਰੇਡੀਓ ਪ੍ਰੋਗਰਾਮ

ਅਕਾਸ਼ਵਾਣੀ ਅਤੇ ਦੂਰਦਰਸ਼ਨ ਤੋਂ ਸੰਗੀਤ ਦੇ ਕਈ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਇਸ ਨਾਲ ਆਮ ਜਨਤਾ ਨੂੰ ਅਸਾਨੀ ਨਾਲ ਵੱਡੇ ਕਲਾਕਾਰਾਂ ਦੇ ਪ੍ਰੋਗਰਾਮ ਦੇਖਣ-ਸੁਣਨ ਨੂੰ ਮਿਲਦੇ ਹਨ। ਸੰਗੀਤ ਮੇਲਿਆਂ ਦਾ ਪ੍ਰਸਾਰਨ ਰੇਡੀਉ ਅਤੇ ਦੂਰਦਰਸ਼ਨ ਦੇ ਮਾਧਿਅਮ ਰਾਹੀਂ ਕੀਤਾ ਜਾਂਦਾ ਹੈ ।

### ਅੰਤਰ ਰਾਸ਼ਟਰੀ ਪੱਧਰ ਤੇ ਸੰਗੀਤ ਕਲਾ ਦਾ ਪ੍ਰਦਰਸ਼ਨ

ਭਾਰਤ ਵਿੱਚ ਸੰਗੀਤ ਕਲਾ ਦਾ ਅਦਾਨ ਪ੍ਰਦਾਨ ਦੂਜੇ ਦੇਸ਼ਾਂ ਨਾਲ ਕਰਨ ਲਈ ਸੰਸਕ੍ਰਿਤਿਕ ਕੇਂਦਰ ਸਥਾਪਿਤ ਕੀਤੇ ਗਏ ਹਨ। ਭਾਰਤੀ ਕਲਾਕਾਰਾਂ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਦੂਜੇ ਦੇਸ਼ਾਂ ਵਿੱਚ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ।

### ਵਜੀਫੇ

ਨਵੇਂ ਉੱਭਰ ਰਹੇ ਲੋੜਵੰਦ ਕਲਾਕਾਰਾਂ ਨੂੰ ਸਰਕਾਰ ਵੱਲੋਂ ਵਜੀਫੇ ਦੇ ਰੂਪ ਵਿੱਚ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਪ੍ਰਕਾਰ ਸੰਗੀਤ ਨੂੰ ਹੋਰ ਉਤਸ਼ਾਹ ਦਿੱਤਾ ਜਾ ਰਿਹਾ ਹੈ।

### ਸਕੂਲਾਂ, ਕਾਲਜਾਂ ਤੇ ਵਿੱਦਿਅਕ ਸੰਸਥਾਵਾਂ ਵਿੱਚ ਵਿਸ਼ੇ ਦੇ ਰੂਪ ਵਿੱਚ

ਸਕੂਲਾਂ, ਕਾਲਜਾਂ ਵਿੱਚ ਸੰਗੀਤ ਨੂੰ ਵਿਸ਼ੇ ਦੇ ਰੂਪ ਵਿੱਚ ਪੜ੍ਹਾਇਆ ਜਾ ਰਿਹਾ ਹੈ। ਹੋਰ ਵਿਸ਼ਿਆਂ ਦੀ ਤਰ੍ਹਾਂ ਸੰਗੀਤ ਵਿਸ਼ੇ ਦਾ ਪਾਠਕ੍ਰਮ ਨਿਸ਼ਚਿਤ ਕੀਤਾ ਗਿਆ ਹੈ ਕਾਲਜਾਂ ਅਤੇ ਯੁਨੀਵਰਸਿਟੀਆਂ ਵਿੱਚ ਸੰਗੀਤ ਦੀ ਉੱਚ ਸਿੱਖਿਆ ਦਾ ਪ੍ਰਬੰਧ ਹੈ। ਅੱਜ ਵਿਦਿਆਰਥੀ ਸੰਗੀਤ ਵਿਸ਼ੇ ਵਿੱਚ ਪੀ . ਐੱਚ. ਡੀ. ਤੱਕ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

### ਨਵਯੁਵਕ ਮੇਲੇ ਅਤੇ ਵਿੱਦਿਅਕ ਮੁਕਾਬਲੇ

ਅੱਜ ਸੰਗੀਤ ਵਿਸ਼ੇ ਪ੍ਰਤੀ ਵਿਦਿਆਰਥੀਆਂ ਵਿੱਚ ਉਤਸ਼ਾਹ ਪੈਦਾ ਕਰਨ ਲਈ ਸੰਗੀਤ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਯੂਨੀਵਰਸਿਟੀਆਂ ਵੱਲੋਂ ਖੇਤਰੀ ਅਤੇ ਅੰਤਰ ਖੇਤਰੀ ਨਵਯੁਵਕ



Downloaded from https:// www.studiestoday.com

Downloaded from https:// www.studiestoday.com

ਮੇਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਪ੍ਰਕਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਿਲ੍ਹਾ ਖੇਤਰ ਤੇ ਰਾਜ ਪੱਧਰ ਤੇ ਵਿਦਿਅਕ ਮੁਕਾਬਲਿਆਂ ਦੇ ਅੰਤਰਗਤ ਸੰਗੀਤ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਜੋ ਕਿ ਵਿਦਿਆਰਥੀਆਂ ਵਿੱਚ ਸੰਗੀਤ ਪ੍ਰਤੀ ਰੁਚੀ ਪੈਦਾ ਕਰਨ ਲਈ ਇੱਕ ਸ਼ਲਾਘਾਯੋਗ ਉਪਰਾਲਾ ਹੈ।

**ਖੋਜ ਪੱਤਰ ਅਤੇ ਸਮਾਚਾਰ ਪੱਤਰ** : ਵੱਖ-2 ਯੂਨੀਵਰਸਿਟੀਆਂ ਦੁਆਰਾ ਸੰਗੀਤ ਨਾਲ ਸੰਬੰਧਿਤ ਖੋਜ ਪੱਤਰ ਅਤੇ ਸਮਾਚਾਰ ਪੱਤਰ ਛਾਪੇ ਜਾ ਰਹੇ ਹਨ। ਸਮਾਚਾਰ ਪੱਤਰ ਦੈਨਿਕ, ਸਪਤਾਹਿਕ ਪੰਦਰਾ-ਰੋਜ਼ਾ, ਮਾਸਿਕ, ਵਾਰਸ਼ਿਕ ਛਾਪੇ ਜਾ ਰਹੇ ਹਨ। ਇਸ ਨਾਲ ਇਸ ਕਲਾ ਨੂੰ ਹੁਲਾਰਾ ਮਿਲ ਰਿਹਾ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਆਧੁਨਿਕ ਕਾਲ ਵਿੱਚ ਸੰਗੀਤ ਕਲਾ ਆਪਣੇ ਸਿਖਰ ਤੇ ਪੁੱਜ ਚੁੱਕੀ ਹੈ, ਆਧੁਨਿਕ ਕਾਲ ਵਿੱਚ ਭਾਰਤ ਵਿੱਚ ਬਹੁਤ ਸਾਰੇ ਗਾਇਕ ਅਤੇ ਵਾਦਕ ਹੋਏ ਹਨ, ਜਿਨ੍ਹਾਂ ਨੇ ਭਾਰਤ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਇਸ ਕਲਾ ਦਾ ਪ੍ਰਚਾਰ ਕੀਤਾ ਹੈ, ਇਨ੍ਹਾਂ ਵਿੱਚ ਪੰ. ਭੀਮਸੇਨ ਜੋਸ਼ੀ, ਪੰ. ਜਸਰਾਜ, ਪਰਵੀਨ ਸੁਲਤਾਨਾ, ਕਿਸ਼ੋਰੀ ਅਮੋਨਕਰ, ਪੰ. ਰਵੀ ਸ਼ੰਕਰ, ਉ. ਵਿਲਾਇਤ ਖਾਂ, ਪੰ. ਸ਼ਿਵ ਕੁਮਾਰ ਸ਼ਰਮਾ, ਹਰੀ ਪ੍ਰਸਾਦ ਚੌਰੱਸੀਆ, ਉ. ਬਿਸਮਿੱਲਾ ਖਾਂ, ਆਦਿ ਕਲਾਕਾਰਾਂ ਦੇ ਨਾਮ ਆਉਂਦੇ ਹਨ।

ਇਸ ਪ੍ਰਕਾਰ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਸੰਗੀਤ ਦੇ ਵਿਕਾਸ ਵਿੱਚ ਬਹੁਤ ਤੇਜ਼ੀ ਆਈ ਹੈ। ਕਲਾਕਾਰਾਂ ਦਾ ਦੇਸ਼ ਵਿੱਚ ਸਨਮਾਨ ਹੋਣ ਨਾਲ ਆਮ ਜਨਤਾ ਸੰਗੀਤ ਕਲਾ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਦੇਖਣ ਲੱਗੀ ਹੈ ਅਤੇ ਆਪਣੇ ਬੱਚਿਆਂ ਨੂੰ ਇਸ ਕਲਾ ਪ੍ਰਤੀ ਉਤਸ਼ਾਹਿਤ ਕਰ ਰਹੀ ਹੈ। ਸ਼ਾਸਤਰੀ ਸੰਗੀਤ ਦੇ ਨਾਲ ਨਾਲ ਲੋਕ ਸੰਗੀਤ ਦਾ ਵੀ ਵਿਕਾਸ ਹੋ ਰਿਹਾ ਹੈ। ਅੱਜ ਦੇ ਸਮੇਂ ਨੂੰ ਸੰਗੀਤ ਦੀ ਦ੍ਰਿਸ਼ਟੀ ਤੋਂ ਸੰਗੀਤ ਦਾ ਸੁਨਹਿਰੀ ਸਮਾਂ ਕਿਹਾ ਜਾਣਾ ਗਲਤ ਨਹੀਂ ਹੈ।

## ਪਾਠ - ਅਭਿਆਸ

### ਵਸਤੂ ਨਿਸ਼ਠ ਪ੍ਰਸ਼ਨ

1. ਪੰ. ਵਿਸ਼ਨੂੰ ਦਿਗੰਬਰ ਪਲੁਸਕਰ ਦੀਆਂ ਦੋ ਪੁਸਤਕਾਂ ਦੇ ਨਾਂ ਦੱਸੋ ?
2. ਪੰ. ਵਿਸ਼ਨੂੰ ਨਰਾਇਣ ਭਾਤਖੰਡੇ ਦੁਆਰਾ ਸਥਾਪਿਤ ਵਿਦਿਆਰਥੀਆਂ ਦੇ ਨਾਂ ਦੱਸੋ ?
3. ਦੋ ਸੰਗੀਤ ਸੰਮੇਲਨਾਂ ਦੇ ਨਾਂ ਦੱਸੋ ?
4. ਆਧੁਨਿਕ ਸਮੇਂ ਦੇ ਦੋ ਗਾਇਕਾਂ ਦੇ ਨਾਂ ਦੱਸੋ ?
5. ਆਧੁਨਿਕ ਕਾਲ ਦੇ ਦੋ ਵਾਦਕਾਂ ਦੇ ਨਾਂ ਦੱਸੋ ?
6. ਸੰਗੀਤਕਾਰਾਂ ਨੂੰ ਕਿਹੜੇ ਸਨਮਾਨਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ ?

**ਅਧਿਆਪਕ ਲਈ**

ਅਧਿਆਪਕ ਵਿਦਿਆਰਥੀਆਂ ਨੂੰ ਆਧੁਨਿਕ ਕਾਲ ਦੇ ਗਾਇਕਾਂ ਤੇ ਵਾਦਕਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕਹਿਣ।



Downloaded from https:// www.studiestoday.com

Downloaded from https:// www.studiestoday.com

# ਸੰਗੀਤ ਦੇ ਸਾਜ਼

ਪਾਠ 2

## (i) ਤਬਲਾ, ਇਤਿਹਾਸ, ਅੰਗ ਵਰਣਨ




### ਇਤਿਹਾਸ

ਭਾਰਤੀ ਸੰਗੀਤ ਵਿੱਚ ਅਵਨੱਧ ਵਾਦਾਂ ਵਿੱਚ ਅੱਜ ਕੱਲ ਤਬਲੇ ਨੂੰ ਜਿਹਨੀ ਲੋਕਪ੍ਰੀਯਤਾ ਪ੍ਰਾਪਤ ਹੈ ਉਹ ਹੋਰ ਕਿਸੇ ਤਾਲ ਵਾਦ ਨੂੰ ਨਹੀਂ ਹੈ: ਜੇਕਰ ਅਸੀਂ ਇਹ ਕਹਿ ਦਈਏ ਕਿ ਇਹ ਯੁਗ ਤਬਲੇ ਦਾ "ਸਵਰਣ ਯੁੱਗ ਹੈ ਤਾਂ ਗਲਤ ਨਹੀਂ।

ਤਬਲੇ ਦੀ ਉਤਪਤੀ ਬਾਰੇ ਵਿਦਵਾਨਾਂ ਦੇ ਵੱਖ-ਵੱਖ ਮੱਤ ਹਨ। ਕੁਝ ਵਿਦਵਾਨਾਂ ਦੇ ਅਨੁਸਾਰ ਪ੍ਰਾਚੀਨ ਵਾਦ "ਦੁਰਦੁਰ" ਦਾ ਹੀ ਆਧੁਨਿਕ ਰੂਪ ਤਬਲਾ ਹੈ। ਕੁਝ ਸੰਗੀਤਕਾਰਾਂ ਦਾ ਮੱਤ ਹੈ ਕਿ ਤਬਲੇ ਦੀ ਉਤਪਤ ਪੰਜਾਬ ਪ੍ਰਾਂਤ ਦੇ "ਦੁੱਕੜ" ਨਾਮ ਦੇ ਵਾਦ ਤੋਂ ਹੋਈ ਦੁਕੱੜ ਦਾ ਅਰਥ ਹੈ "ਦੋ" ਉਹ ਵਾਦ ਵੀ ਤਬਲੇ ਵਾਂਗ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਇਸ ਲਈ ਕੁਝ ਵਿਦਵਾਨ ਤਬਲੇ ਦੀ ਉਤਪਤੀ ਇਹਨਾਂ ਦੋ ਹਿੱਸਿਆਂ ਵਾਲੇ ਦੁਕੱੜ ਵਾਦ ਦਾ ਸੋਧਿਆ ਰੂਪ ਦੱਸਦੇ ਹਨ।



Downloaded from https:// www.studiestoday.com

Downloaded from https:// www.studiestoday.com

ਆਚਾਰੀਆ ਬ੍ਰਿਹਿਸਪਤੀ ਦੇ ਅਨੁਸਾਰ ਤਬਲੇ ਦਾ ਅਵਿਸ਼ਕਾਰ ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰੀ ਕਲਾਕਾਰ ਉਸਤਾਦ ਖੁਸਰੋ ਖਾਂ ਸਨ, ਨੇ ਕੀਤਾ ਕਿਉਂਕਿ ਉਹ ਬਹੁਤ ਸਾਰੇ ਵਾਦ ਵਜਾਉਣ ਵਿੱਚ ਨਿਪੁੰਨ ਸਨ। ਉਹਨਾਂ ਦੀ ਮੱਤ ਅਨੁਸਾਰ ਖੁਸਰੋ ਖਾਂ ਨੇ ਸਿਤਾਰ ਵਾਦ ਦੇ ਨਾਲ ਤਬਲੇ ਦੀ ਸਗਤ ਦੀ ਵਰਤੋਂ ਲਈ ਇਸ ਦਾ ਅਵਿਸ਼ਕਾਰ ਕੀਤਾ ਕਿਉਂਕਿ ਉਸ ਯੁੱਗ ਤੋਂ ਪਹਿਲਾਂ ਇਸ ਵਾਦ ਅਤੇ ਉਸਦੇ ਵਾਦਨ ਦੀ ਚਰਚਾ ਕਿਤੇ ਵੀ ਨਹੀਂ ਮਿਲਦੀ।

ਕੁਝ ਵਿਦਵਾਦ ਤਬਲੇ ਨੂੰ ਵਿਦੇਸ਼ ਤੋਂ ਆਇਆ ਮੰਨਦੇ ਹਨ। ਉਹਨਾਂ ਅਨੁਸਾਰ ਅਰਬਿਅਨ, ਸੁਮੇਰੀਅਨ, ਮੇਸੋਪੋਟੇਨਿਅਮ ਜਾਂ ਫਾਰਸੀ ਨਾਲ ਸੰਬੰਧਿਤ ਤਾਲ ਵਾਦ ਹੈ। ਕਿਉਂਕਿ ਪਹਿਲੇ ਸਮਿਆਂ ਵਿੱਚ ਤਬਲਾ ਅਤੇ ਨਗਾਰਾ ਜਿਹੇ ਵਾਦ ਸੈਨਿਕਾ ਦੇ ਯੁਦ ਵਿੱਚ ਵਰਤੇ ਜਾਂਦੇ ਸਨ ਜਿਹਨਾਂ ਨੂੰ ਘੋੜੇ ਜਾ ਉਠ ਦੀ ਪਿੱਠ ਤੇ ਰੱਖ ਕੇ ਲਕੜੀ ਨਾਲ ਵਜਾਇਆ ਜਾਂਦਾ ਸੀ, ਅਰਬ ਦੇਸ਼ਾਂ ਵਿੱਚ ਹੁਣ ਵੀ ਤਲਬਜੰਗ ਵਾਦ ਬਹੁਤ ਪ੍ਰਸਿੱਧ ਹੈ। ਜਿਸ ਤੋਂ ਤਬਲਾ ਨਾਂ ਬਨਿਆ। ਇਸ ਲਈ ਤਬਲਾ ਵਿਦੇਸ਼ੀ ਵਾਦ ਹੈ।

ਤਬਲੇ ਦਾ ਅਵਿਸ਼ਕਾਰ ਭਾਵੇਂ ਪ੍ਰਾਚੀਨ ਵਾਦ ਜਿਵੇਂ "ਦੁਰਦੁਰ", ਉਧਰਵਕ, ਤਬਲ, ਤਬਲਜੰਗ, ਜਾਂ ਮਿਰਦੰਗ ਵਿਚ ਤਬਦੀਲੀ ਕਰਕੇ ਹੋਇਆ ਪ੍ਰੰਤੂ ਆਧੁਨਿਕ ਰੂਪ ਦੇਣ ਦਾ ਸਿਹਰਾ ਦਿੱਲੀ ਦੇ ਉਸਤਾਦ ਸਿਧਾਰ ਖਾਂ ਨੂੰ ਜਾਂਦਾ ਹੈ। ਇਹਨਾਂ ਨੇ ਹੀ ਮਿਰਦੰਗ ਦੇ ਬੋਲਾਂ ਨੂੰ ਤਬਲੇ ਦੇ ਵਜਾਉਣ ਯੋਗ ਬਣਾਇਆ ਅਤੇ ਦਿੱਲੀ ਘਰਾਣੇ ਦੀ ਸਥਾਪਨਾ ਕੀਤੀ: ਅੱਜ ਕੱਲ ਅਜਰਾੜਾ, ਲਖਨਊ ਫੁਰਖਾਬਾਦ ਅਤੇ ਬਨਾਰਸ ਦੇ ਮਸ਼ਹੂਰ ਤਬਲੇ ਦੇ ਘਰਾਣੇ ਚਲ ਰਹੇ ਹਨ। ਇਹਨਾਂ ਤੋਂ ਇਲਾਵਾ "ਪੰਜਾਬ ਘਰਾਣਾ" ਬਹੁਤ ਮਹੱਤਵਪੂਰਨ ਘਰਾਣਾ ਹੈ, ਇਸ ਦਾ ਵਿਕਾਸ ਦੂਜੇ ਘਰਾਨਿਆਂ ਤੋਂ ਵੱਖਰਾ ਹੈ।

ਪੰਜਾਬ ਵਿੱਚ ਇਸ ਨੂੰ ਸੰਗੀਤ ਮਈ ਬਣਾਉਣ ਵਾਲੇ ਮਾਹਿਰਾਂ ਨੇ ਇਸ ਦਾ ਆਕਾਰ ਛੋਟਾ ਕਰਕੇ ਸੱਜੇ ਤਬਲੇ ਤੇ ਆਟਾ ਅਤੇ ਖੱਬੇ ਤੇ ਲੋਹ ਚੂਰਣ, ਮਸੌਕਾ ਲਾਕੇ ਸੰਗੀਤ ਵਿਚ ਪ੍ਰਯੋਗ ਹੋਣ ਵਾਲਾ ਸਵਰਮਈ ਤਾਲ "ਤਬਲਾ ਜੋੜੀ" ਨਾਂ ਰੱਖਕੇ ਵਾਦ ਤਿਆਰ ਕੀਤਾ। ਇਹ ਅਵਿਸ਼ਕਾਰ ਪੰਜਾਬ ਦੇ ਕਸੂਰ, ਅਮ੍ਰਿਤਸਰ, ਲਹੌਰ, ਸਿੰਘੜੀ ਵਾਲਾ ਦੇ ਕਾਰੀਗਰਾਂ ਨੇ ਕੀਤਾ ਇਸ ਲਈ ਪੰਜਾਬ ਵਿੱਚ ਤਬਲੇ ਨੂੰ "ਤਬਲਾ ਜੋੜੀ" ਨਾਲ ਆਖਿਆ ਜਾਂਦਾ ਹੈ। ਗਿਆਰਵੀਂ ਤੇ ਬਾਰ੍ਹਵੀਂ ਸ਼ਤਾਵਦੀ ਵਿਚ ਇਸ ਵਾਦ ਦਾ ਪ੍ਰਚਾਰ ਪੰਜਾਬ ਵਿੱਚ ਸਭ ਤੋਂ ਪਹਿਲਾ ਸੀ, ਇਸ ਲਈ ਇਹ ਕਹਿਣਾ ਗਲਤ ਨਹੀਂ ਕਿ ਤਬਲੇ ਦੀ ਉਤਪਤੀ ਜਾ ਅਵਿਸ਼ਕਾਰ ਦਾ ਕਰਤਾ ਪੰਜਾਬ ਹੈ।

### ਅੰਗ ਵਰਣਨ

**ਸੱਜਾ ਤਬਲਾ ਜਾਂ ਚੱਠੂ :** ਤਬਲੇ ਦੀ ਜੋੜੀ ਦੇ ਸੱਜੇ ਭਾਗ ਨੂੰ ਤਬਲਾ ਜਾਂ ਚੱਠੂ ਵੀ ਕਿਹਾ ਜਾਂਦਾ ਹੈ। ਇਹ ਵਿਜੈਸਾਰ ਅੰਬ, ਸ਼ੀਸ਼ਮ, ਕਟਹਲ, ਟਾਹਲੀ ਆਦਿ ਲੱਕੜੀ ਦਾ ਬਣਿਆ ਹੁੰਦਾ ਹੈ। ਇਸ ਦਾ ਹੇਠਲਾ ਭਾਗ ਚੌੜਾ ਅਤੇ ਉਪਰਲਾ ਭਾਗ ਛੋਟਾ ਹੁੰਦਾ ਹੈ। ਜਿਹੜੇ ਤਬਲੇ ਜਾਂ ਚੱਟੂ ਨੀਵੇਂ ਸਤਰ ਨਾਲ ਮਿਲਾਏ ਜਾਂਦੇ ਹਨ। ਉਨ੍ਹਾਂ ਦਾ ਮੂੰਹ ਛੋਟਾ ਹੁੰਦਾ ਹੈ। ਪਰ ਅੱਜਕਲ੍ਹ ਛੋਟੇ ਮੂੰਹ ਦੇ ਸੱਜਾ ਤਬਲਾ ਵਜਾਉਣ ਦਾ ਜ਼ਿਆਦਾ ਪ੍ਰਚਾਰ ਹੈ,



Downloaded from https:// www.studiestoday.com

Downloaded from https:// www.studiestoday.com

ਜਿਨ੍ਹਾਂ ਦਾ ਮੂੰਹ ਲਗਭਗ ਪੰਜ ਜਾਂ ਸਾਢੇ ਪੰਜ ਇੰਚ ਅਤੇ ਉਚਾਈ ਲਗਭਗ ਦਸ ਇੰਚ ਹੁੰਦੀ ਹੈ। ਸੱਜੇ ਤਬਲਾ ਦਾ ਕਾਠ ਜਿਹਨਾਂ ਭਾਰੀ ਹੋਵੇਗਾ, ਉਸ ਦੀ ਆਵਾਜ਼ ਵਿਚੋਂ ਉਤਨੀ ਹੀ ਗੂੰਜ ਜ਼ਿਆਦਾ ਨਿਕਲੇਗੀ। ਵਿਜੈ ਸਾਰ ਦੀ ਲੱਕੜੀ ਦਾ ਸੱਜਾ ਤਬਲਾ ਹੋਰਨਾਂ ਲੱਕੜੀਆਂ ਨਾਲੋਂ ਵਧੀਆ ਮੰਨਿਆ ਜਾਂਦਾ ਹੈ। ਇਸ ਦੇ ਹੇਠ ਲਿਖੇ ਵੱਖ-ਵੱਖ ਭਾਗ ਹਨ:-

**ਪੁੜੀ:** ਸੱਜੇ ਤਬਲੇ ਦੇ ਉਪਰ ਜਿਹੜੀ ਗੋਲ ਅਕਾਰ ਦੀ ਖੱਲ ਮੜ੍ਹੀ ਹੁੰਦੀ ਹੈ ਉਸ ਨੂੰ ਪੁੜੀ ਆਖਦੇ ਹਨ। ਇਹ ਬੱਕਰੇ ਦੀ ਖੱਲ ਦੀ ਬਣਾਈ ਜਾਂਦੀ ਹੈ। ਸੱਜੇ ਤਬਲੇ ਦੀ ਪੁੜੀ ਦੀ ਖੱਲ ਖੱਬੇ ਤਬਲੇ ਨਾਲੋਂ ਕੁਝ ਪਤਲੀ ਹੁੰਦੀ ਹੈ। ਇਸ ਦੇ ਹੇਠ ਲਿਖੇ ਚਾਰ ਭਾਗ ਹੁੰਦੇ ਹਨ:

1. **ਚਾਟੀ ਜਾਂ ਕਿਨਾਰ:** ਪੁੜੀ ਦੇ ਉਪਰ ਚਾਰੇ ਪਾਸੇ ਖੱਲ ਦੀ ਪੱਟੀ ਜਿਹੀ ਲੱਗੀ ਹੁੰਦੀ ਹੈ, ਉਸ ਨੂੰ ਚਾਂਟੀ ਜਾਂ ਕਿਨਾਰ ਕਹਿੰਦੇ ਹਨ ਹਨ। ਕਿਨਾਰ ਉੱਤੇ 'ਤਾ' ਜਾਂ 'ਨਾਂ' ਬੋਲ ਵਜਾਏ ਜਾਂਦੇ ਹਨ।

2. **ਲਵ ਜਾਂ ਮੈਦਾਨ:** ਚਾਟੀ ਦੇ ਨਾਲ ਨਾਲ ਚਾਰੇ ਪਾਸੇ ਖ਼ਾਲੀ ਚਮੜਾ ਮੜ੍ਹਿਆ ਹੁੰਦਾ ਹੈ, ਜਿਸ ਨੂੰ ਲਵ ਜਾਂ ਮੈਦਾਨ ਕਹਿੰਦੇ ਹਨ। ਇਸ ਉੱਤੇ 'ਤਿੰ' ਬੋਲ ਵਜਾਇਆ ਜਾਂਦਾ ਹੈ।

3. **ਸ਼ਿਆਹੀ:** ਪੁੜੀ ਦੇ ਵਿਚਲੇ ਭਾਗ ਵਿਚ ਕਾਲੇ ਰੰਗ ਦਾ ਗੋਲ ਜਿਹਾ ਮਸਾਲਾ ਲੱਗਿਆ ਹੁੰਦਾ ਹੈ, ਜਿਸ ਨੂੰ ਸਿਆਹੀ ਕਿਹਾ ਜਾਂਦਾ ਹੈ। ਸਿਆਹੀ ਲੋਹੇ ਦਾ ਬੂਰਾ, ਸੁਰਮਾ, ਨੀਲਾ ਥੋਥਾ ਅਤੇ ਸੁਰੇਸ਼ ਮਿਲਾ ਕੇ ਤਿਆਰ ਕੀਤੀ ਜਾਂਦੀ ਹੈ। ਸੱਜੇ ਤਬਲੇ ਉੱਤੇ ਜਿੱਥੇ ਸਿਆਹੀ ਲਗਾਈ ਹੁੰਦੀ ਹੈ, ਉਸ ਥਾਂ ਨੂੰ ਕਿਸੇ ਤਿੱਖੀ ਚੀਜ਼ ਨਾਲ ਹਲਕਾ ਜਿਹਾ ਖੁਰਚ ਲੈਂਦੇ ਹਨ। ਫਿਰ ਛੋਟੀ ਜਿਹੀ ਸਿਆਹੀ ਦੀ ਟਿੱਕੀ ਦਾਯੇਂ ਦੇ ਉੱਤੇ ਰੱਖ ਕੇ ਪੱਥਰ ਨਾਲ ਘੁਟਾਈ ਕੀਤੀ ਜਾਂਦੀ ਹੈ। ਜੇਕਰ ਸਿਆਹੀ ਪਤਲੀ ਲਗਾਈ ਜਾਵੇ ਤਾਂ ਪੁੜੀ ਉੱਚੇ ਸੁਰ ਤੇ ਬੋਲੇਗੀ। ਜ਼ਿਆਦਾ ਸਿਆਹੀ ਲਗਾਉਣ ਨਾਲ ਸਵਰ ਨੀਵਾਂ ਹੋਵੇਗਾ। ਸਿਆਹੀ ਦੀ ਜਿਤਨੀ, ਜ਼ਿਆਦਾ ਘੁਟਾਈ ਕੀਤੀ ਜਾਵੇਗੀ, ਇਹ ਉਤਨੀ ਮਜ਼ਬੂਤ ਹੋਵੇਗੀ ਅਤੇ ਪੁੜੀ ਦੀ ਗੂੰਜ ਵੀ ਚੰਗੀ ਨਿਕਲੇਗੀ।

4. **ਗ਼ਜਰਾ:** ਪੁੜੀ ਦੇ ਚਾਰੇ ਪਾਸੇ ਚਮੜੇ ਦੀ ਪਤਲੀ ਪੱਟੀ ਦਾ ਇਕ ਗੁੰਦਿਆਂ ਹੋਇਆ ਹਾਰ ਜਿਹਾ ਪਰੋਇਆ ਹੁੰਦਾ ਹੈ। ਇਸ ਨੂੰ ਗ਼ਜਰਾ ਕਹਿੰਦੇ ਹਨ। ਗਜਰੇ ਵਿਚ ਸੋਲ੍ਹਾਂ ਘਰ ਹੁੰਦੇ ਹਨ। ਇਹਨਾਂ ਘਰਾਂ ਵਿਚ ਵੱਧਰੀ (ਦਵਾਲ) ਪਾ ਕੇ ਪੁੜੀ ਨੂੰ ਕੱਸਿਆ ਜਾਂਦਾ ਹੈ।

5. **ਵੱਧਰੀ ਜਾਂ ਦਿਵਾਲ:** ਗਜਰੇ ਵਿਚੋਂ ਹੁੰਦੀ ਹੋਈ ਚਮੜੇ ਦੀ ਜਿਸ ਪਤਲੀ ਰੱਸੀ ਨਾਲ ਪੁੜੀ ਨੂੰ ਕਸਿਆ ਜਾਂਦਾ ਉਸਨੂੰ ਵੱਧਰੀ ਜਾਂ ਦਵਾਲ ਕਿਹਾ ਜਾਂਦਾ ਹੈ।

6. **ਗੱਟੇ:** ਸੱਜੇ ਤਬਲੇ ਵਿੱਚ ਲਕੜੀ ਦੇ ਅੱਠ ਗੱਟੇ ਹੁੰਦੇ ਹਨ। ਉਨ੍ਹਾਂ ਦਾ ਮਹੱਤਵ ਤਬਲੇ ਦੇ ਸੁਰ ਨੂੰ ਉੱਚਾ ਜਾਂ ਨੀਵਾਂ ਕਰਨਾ ਹੁੰਦਾ ਹੈ। ਇਨ੍ਹਾਂ ਨੂੰ ਵੱਧਰੀ ਦੇ ਹੇਠਾਂ ਫਸਾਇਆ ਜਾਂਦਾ ਹੈ। ਇਨ੍ਹਾਂ ਦਾ ਆਕਾਰ ਗੋਲ ਅਤੇ ਲੰਬਾ ਹੁੰਦਾ ਹੈ। ਤਬਲੇ ਨੂੰ ਉੱਚੇ ਸੁਰ ਤੇ ਮਿਲਾਉਣ ਲਈ ਗੱਟਿਆਂ ਨੂੰ ਹੇਠਾਂ ਵੱਲ ਠੋਕਿਆ ਜਾਂਦਾ ਹੈ ਅਤੇ ਨੀਵੇਂ ਸੁਰ ਤੇ ਮਿਲਾਉਣ ਲਈ ਗੱਟਿਆਂ ਨੂੰ ਉਪਰ ਵੱਲ ਠੋਕਿਆ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

7. **ਗੁੰਡਰੀ ਜਾਂ ਇੰਡਰੀ:** ਗਜਰੇ ਦੀ ਤਰ੍ਹਾਂ ਤਬਲੇ ਦੇ ਹੇਠਲੇ ਹਿੱਸੇ ਵੱਲ ਵੀ ਇਕ ਚਮੜੇ ਦੀ ਵੱਧਰੀ ਦਾ ਇਕ ਗੋਲਾ ਜਿਹਾ ਘੇਰਾ ਹੁੰਦਾ ਹੈ। ਇਸੇ ਘੇਰੇ ਨੂੰ ਇੰਡਰੀ ਜਾਂ ਗੁੰਡਰੀ ਕਿਹਾ ਜਾਂਦਾ ਹੈ।

**ਖੱਭਾ ਤਬਲਾ ਜਾ ਡੱਗਾ**

ਆਰੰਭਿਕ ਸਮੇਂ ਵਿਚ ਪੁਰਾਣੇ ਵਾਦਕ ਮਿੱਟੀ ਅਤੇ ਲੱਕੜੀ ਦੇ ਬਣੇ ਹੋਏ ਡੱਗਿਆ ਦਾ ਪ੍ਰਯੋਗ ਕਰਦੇ ਸਨ। ਸਮੇਂ ਦੇ ਪਰਿਵਰਤਨ ਨਾਲ ਅੱਜਕਲ੍ਹ ਇਹ ਲੋਹਾ, ਪਿੱਤਲ, ਸਿਲਵਰ ਸਟੀਲ, ਤਾਂਬਾ ਆਦਿ ਧਾਤਾਂ ਦੁਆਰਾ ਇਸ ਨੂੰ ਬਣਾਇਆ ਜਾਂਦਾ ਹੈ। ਸੱਜੇ ਤਬਲੇ ਦਾ ਆਕਾਰ ਖੱਬੇ ਤਬਲੇ ਨਾਲੋਂ ਬਿਲਕੁਲ ਵੱਖਰਾ ਹੁੰਦਾ ਹੈ। ਇਸ ਦਾ ਹੇਠਲਾ ਭਾਗ ਘੱਟ ਚੌੜਾ ਤੇ ਉਪਰਲਾ ਭਾਗ ਜ਼ਿਆਦਾ ਚੌੜਾ ਹੁੰਦਾ ਹੈ। ਇਸ ਦੇ ਹੇਠ ਲਿਖੇ ਵੱਖ ਵੱਖ ਭਾਗ ਹਨ:

**ਪੁੜੀ:** ਖੱਬੇ ਤਬਲੇ ਦੀ ਪੁੜੀ ਵੀ ਸੱਜੇ ਤਬਲੇ ਵਾਂਗ ਹੀ ਬੱਕਰੇ ਦੀ ਖੱਲ ਦੀ ਮੜ੍ਹੀ ਹੁੰਦੀ ਹੈ। ਜਿਸ ਨੂੰ ਮਿੱਟੀ, ਲਕੜੀ ਜਾਂ ਪਿੱਤਲ ਆਦਿ ਦੇ ਖੋਲ੍ਹ ਉਪਰ ਮੜ੍ਹਿਆ ਜਾਂਦਾ ਹੈ। ਇਸ ਦੇ ਹੇਠ ਲਿਖੇ ਤਿੰਨ ਭਾਗ ਹੁੰਦੇ ਹਨ:

1. **ਗੋਟ:** ਪੁੜੀ ਦੇ ਚਾਰੇ ਪਾਸੇ ਖੱਲ ਦੀ ਜਿਹੜੀ ਪੱਟੀ ਜਿਹੀ ਬਣੀ ਹੁੰਦੀ ਹੈ, ਉਸ ਨੂੰ ਗੋਟ ਕਿਹਾ ਜਾਂਦਾ ਹੈ।
2. **ਗ਼ਜਰਾ:** ਪੁੜੀ ਦੇ ਚਾਰੇ ਪਾਸੇ ਦਾਯੇਂ ਤੋਂ ਥੋੜ੍ਹੀ ਜਿਹੀ ਜ਼ਿਆਦਾ ਚੌੜੀ ਪੱਟੀ ਦਾ ਇਕ ਗੁੰਦਿਆਂ ਹੋਇਆ ਹਾਰ ਪਰੋਇਆ ਹੁੰਦਾ ਹੈ, ਉਸ ਨੂੰ ਗ਼ਜਰਾ ਕਿਹਾ ਜਾਂਦਾ ਹੈ।
3. **ਸਿਆਹੀ:** ਪੁੜੀ ਦੇ ਵਿਚਕਾਰਲੇ ਭਾਗ ਵਿਚ ਕਾਲੇ ਰੰਗ ਦਾ ਗੋਲ ਜਿਹਾ ਮਸਾਲਾ ਲੱਗਿਆ ਹੁੰਦਾ ਹੈ, ਉਸ ਨੂੰ ਸਿਆਹੀ ਕਹਿੰਦੇ ਹਨ। ਸੱਜਾ ਤਬਲੇ ਦੀ ਤਰ੍ਹਾਂ ਖੱਬਾ ਤਬਲੇ ਤੇ ਵੀ ਸਿਆਹੀ ਲਗਾਈ ਜਾਂਦੀ ਹੈ ਜਦੋਂ ਕਿ ਖੱਬੇ ਤਬਲੇ ਦੇ ਇੱਕ ਪਾਸੇ ਕਰਕੇ ਲਗਾਈ ਜਾਂਦੀ ਹੈ। ਪੁਰਾਣੇ ਤਬਲਾ ਵਾਦਕ ਸਿਆਹੀ ਦੀ ਜਗ੍ਹਾ ਆਟੇ ਦਾ ਪ੍ਰਯੋਗ ਕਰਦੇ ਸਨ। ਪਰ ਇਸ ਨੂੰ ਵਜਾਉਣ ਸਮੇਂ ਤਾਜ਼ਾ ਆਟਾ ਲਗਾਉਣਾ ਪੈਂਦਾ ਸੀ। ਅੱਜਕਲ੍ਹ ਇਸ ਕਠਿਨਾਈ ਤੋਂ ਬਚਣ ਲਈ ਲੋਹੇ ਦੇ ਬੂਰੇ ਤੋਂ ਤਿਆਰ ਕੀਤੀ ਪੱਕੀ ਸਿਆਹੀ ਦਾ ਪ੍ਰਯੋਗ ਕੀਤਾ ਜਾਂਦਾ ਹੈ।
4. **ਵੱਧਰੀ ਜਾਂ ਰੱਸੀ:** ਜਿਹੜੇ ਚਮੜੇ ਦੀ ਜਾਂ ਸੂਤ ਦੀ ਰੱਸੀ ਨਾਲ ਪੁੜੇ ਨੂੰ ਕੱਸਿਆ ਜਾਂਦਾ ਹੈ, ਉਸ ਨੂੰ ਵੱਧਰੀ ਜਾਂ ਰੱਸੀ ਕਿਹਾ ਜਾਂਦਾ ਹੈ। ਸੂਤ ਦੀ ਰੱਸੀ ਨੂੰ ਕਸਣ ਜਾਂ ਢਿੱਲਾ ਕਰਨ ਲਈ ਲੋਹੇ ਜਾਂ ਪਿੱਤਲ ਦੇ ਛੱਲੇ ਡੋਰੀ ਵਿਚ ਪਰੋਏ ਜਾਂਦੇ ਹਨ।
5. **ਇੰਡਰੀ ਜਾਂ ਗੁੰਡਰੀ:** ਡੱਗੇ ਦੇ ਹੇਠਲੇ ਹਿੱਸੇ ਵਿਚ ਚਮੜੇ ਦੀ ਬਣੀ ਹੋਈ ਇਕ ਗੋਲ ਆਕਾਰ ਦੀ ਗੁੰਡਰੀ ਜਿਹੀ ਬਣੀ ਹੁੰਦੀ ਹੈ ਜਿਸ ਵਿਚ ਵੱਧਰੀ ਜਾ ਡੋਰੀ ਆਦਿ ਪਾਈ ਜਾਂਦੀ ਹੈ।

**ਤਬਲਾ ਮਿਲਾਉਣ ਦੀ ਵਿਧੀ** ਤਬਲਾ ਮਿਲਾਉਣ ਜਾਂ ਸੁਰ ਕਰਨ ਲਈ ਸਬ ਤੋਂ ਪਹਿਲਾ ਕੋਈ ਤਾਰ ਵਾਦਅ ਮਿਲਾ ਕੇ ਛੇੜਿਆ ਜਾਂਦਾ ਹੈ। ਤਾਂ ਜੋ ਤਬਲਾ ਉਸੀ ਸਵਰ ਨਾਲ ਮਿਲਾਇਆ ਜਾਵੇ। ਕਦੇ-ਕਦੇ ਹਾਰਮੋਨਿਅਮ ਦੇ ਸਵਰ ਦੇ ਨਾਲ ਵੀ ਤਬਲਾ ਸੁਰ ਕਿਤਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

ਸੱਜੇ ਤਬਲੇ ਨੂੰ ਜ਼ਿਆਦਾ ਚੜਾਨ-ਉਤਾਰਨ ਦੇ ਲਈ ਗੱਟੇ ਨੂੰ ਅਤੇ ਥੋੜਾ ਉਤਾਰਨ ਚੜਾਨ ਲਈ ਗਜਰੇ ਨੂੰ ਹਥੌੜੀ ਨਾਲ ਚੋਟ ਕਰਦੇ ਹਨ। ਤਬਲਾ ਚੜਾਨ ਲਈ ਉਪਰ ਤੋਂ ਉਤਾਰਨ ਲਈ ਥੱਲੇ ਤੋਂ ਚੋਟ ਕਰਦੇ ਹਨ। ਸਭ ਤੋਂ ਪਹਿਲਾਂ ਸੱਜੇ ਤਬਲੇ ਨੂੰ ਵਜਾ ਕੇ ਸੁਣਦੇ ਹਾਂ ਕਿ ਉਹ ਕਿੰਨ੍ਹਾਂ ਉਤਾਰਨਾ ਜਾਂ ਚੜ੍ਹਾਨਾ ਹੈ। ਇਸ ਤੋਂ ਬਾਅਦ ਲੋੜ-ਅਨੁਸਾਰ ਠੀਕ ਜਗ੍ਹਾ ਤੇ ਹਥੌੜੀ ਦੇ ਨਾਲ ਚੋਟ ਕਰਕੇ ਤਬਲਾ ਮਿਲਾਦੇ ਹਾਂ।

ਤਬਲੇ ਨੂੰ ਸ ਮ ਜਾਂ ਧ ਸਵਰ ਨਾਲ ਮਿਲਾਦੇਂ ਹਾਂ ਸਵਰ ਦੀ ਚੋਣ ਰਾਗ ਅਨੁਸਾਰ ਹੁੰਦੀ ਹੈ। ਜੇਕਰ ਕਿਸੀ ਰਾਗ ਵਿੱਚ ਪੰਚਮ ਸਵਰ ਵਰਜਿਤ ਹੈ ਤਾਂ ਤਬਲਾ 'ਦਾ' ਦੇ ਨਾਲ ਕਦੀ ਨਹੀਂ ਮਿਲਾਉਂਦੇ। ਜਿੰਨ੍ਹਾਂ ਰਾਗਾਂ ਵਿੱਚ ਪੰਚਮ ਪ੍ਰਯੋਗ ਹੁੰਦਾ ਹੈ ਤਾਂ ਉਨ੍ਹਾਂ ਦੇ ਨਾਲ ਤਬਲੇ ਨੂੰ ਪੰਚਮ ਨਾਲ ਮਿਲਾਉਂਦੇ ਹਾਂ। ਜਿਨ੍ਹਾਂ ਵਿੱਚ ਸ਼ੁਧ ਮ ਅਤੇ ਪ ਸਵਰ ਵਰਜਿਤ ਹੈ ਤਾਂ ਸੱਜੇ ਤਬਲੇ ਨੂੰ 'ਸ' ਨਾਲ ਮਿਲਾਉਦੇ ਹਨ। 'ਮ' ਅਤੇ 'ਪ' ਸਵਰ ਵਰਜਿਤ ਹੈ ਤਾਂ ਹੀ ਤਬਲੇ ਨੂੰ 'ਸ' ਨਾਲ ਮਿਲਾਉਂਦੇ ਹਨ। 'ਮ' ਅਤੇ 'ਪ' ਦੇ ਨਾਲ ਕੁਝ ਬੰਦਨ ਜ਼ਰੂਰ ਹੈ ਪਰ 'ਸ' ਦਾ ਕੋਈ ਬੰਧਨ ਨਹੀਂ। ਹਰੇਕ ਰਾਗ ਦੇ ਨਾਲ ਤਬਲੇ ਨੂੰ 'ਸ' ਦੇ ਨਾਲ ਮਿਲਾਇਆ ਜਾ ਸਕਦਾ ਹੈ। ਵੱਡੇ ਮੂੰਹ ਦਾ ਤਬਲਾ ਨਿਚਲੇ ਸਵਰਾਂ ਨਾਲ, ਛੋਟੇ ਮੂੰਹ ਦਾ ਤਬਲਾ ਉੱਚੇ ਸਵਰਾਂ ਨਾਲ ਅਸਾਨੀ ਨਾਲ ਮਿਲ ਜਾਂਦਾ ਹੈ।

## ਪਾਠ-ਅਭਿਆਸ

### ਵਸਤੂ ਨਿਸ਼ਠ ਪ੍ਰਸ਼ਨ —

1. ਤਬਲੇ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ?
2. ਸੱਜੇ ਤਬਲੇ ਨੂੰ ਹੋਰ ਕੀ ਕਹਿੰਦੇ ਹਨ ?
3. ਚੱਠੂ ਕਿਸ ਚਿਜ ਦਾ ਬਣਿਆ ਹੁੰਦਾ ਹੈ ?
4. ਸੱਜੇ ਤਬਲੇ ਤੇ ਜਿਹੜੀ ਗੋਲ ਆਕਾਰ ਦੀ ਖੱਲ ਮੜ੍ਹੀ ਹੁੰਦੀ ਹੈ ਉਸ ਨੂੰ ਕੀ ਕਹਿੰਦੇ ਹਨ ?
5. ਪੁੜੀ ਕਿਸ ਨਾਲ ਬਣਾਈ ਜਾਂਦੀ ਹੈ ?
6. ਸਿਆਹੀ ਕਿਸ ਨੂੰ ਕਹਿੰਦੇ ਹਨ ?

**ਅਧਿਆਪਕ ਲਈ**

1. ਵਿਦਿਆਰਥੀਆਂ ਨੂੰ ਤਬਲਾ ਦਿਖਾਕੇ ਉਸ ਦੇ ਅੰਗਾਂ ਦੀ ਜਾਣਕਾਰੀ ਦੇਣੀ।
2. ਤਬਲੇ ਦੇ ਅੰਗਾਂ ਦਾ ਚਾਰਟ ਬਨਵਾਉਣਾ



Downloaded from https:// www.studiestoday.com

Downloaded from https:// www.studiestoday.com

## ਹਰਮੋਨੀਅਮ-ਇਤਿਹਾਸ ਅੰਗ ਵਰਣਨ



ਹਰਮੋਨੀਅਮ

**ਇਤਿਹਾਸ**:- ਹਰਮੋਨੀਅਮ ਹਵਾ ਨਾਲ ਵਜਣ ਵਾਲਾ ਪੱਛਮੀ ਸਾਜ਼ ਹੈ, ਪਰੰਤੂ ਅੱਜ ਕੱਲ ਭਾਰਤੀ ਸੰਗੀਤ ਵਿੱਚ ਇਸ ਦਾ ਪ੍ਰਯੋਗ ਬਹੁਤ ਹੋ ਰਿਹਾ ਹੈ ਜੇਕਰ ਇਸ ਨੂੰ ਭਾਰਤੀ ਸਾਜ਼ ਕਹਿ ਦਈਏ ਗਲਤ ਨਹੀਂ। ਹਰਮੋਨੀਅਮ ਦਾ ਅਵਿਸ਼ਕਾਰ ਪੈਰਿਸ ਸ਼ਹਿਰ ਦੇ ਅਲੈਗਜੈਂਡਰ ਡੇਵੇਨ ਨੇ 1840 ਈ: ਵਿੱਚ ਕੀਤਾ ਸੀ। ਹਰਮੋਨੀਅਮ ਸ਼ਬਦ ਦੀ ਉਤਪੱਤੀ ਗ੍ਰੀਕ ਭਾਸ਼ਾ ਦੇ ਸ਼ਬਦ ਹਾਰਮਨੀ ਤੋਂ ਹੋਈ ਹੈ ਜਿਸ ਦਾ ਅਰਥ ਹੈ ਸਵਰ ਸੰਵਾਦ, ਸਵਰ ਸੰਵਾਦ ਦੇ ਅਧਾਰਿਤ ਹੋਣ ਕਾਰਨ ਇਸ ਵਾਦ ਨੂੰ ਹਰਮੋਨੀਅਮ ਕਹਿੰਦੇ ਹਨ।ਕੁਝ ਵਿਦਵਾਨਾਂ ਦਾ ਮੱਤ ਹੈ ਕਿ ਇਸ ਦਾ ਅਵਿਸ਼ਕਾਰ ਪੱਛਮੀ ਸੰਗੀਤ ਵਾਦ ਪਿਆਨੋ ਦੇ ਆਧਾਰ ਤੇ ਕੀਤਾ ਗਿਆ ਕੇਵਲ ਅੰਤਰ ਇਨ੍ਹਾਂ ਹੈ ਕਿ ਹੈ ਕਿ ਪਿਆਨੋ ਘਨ ਵਾਦ ਵਿੱਚ ਆਉਂਦਾ ਹੈ ਜਦਕਿ ਹਰਮੋਨੀਅਮ ਸੁਸ਼ੀਰ ਵਾਦ ਵਿੱਚ।

ਅਲੈਗਜੈਂਡਰ ਨੇ ਇਸ ਦੇ ਨਿਰਮਾਣ ਲਈ ਛੋਟੇ ਟਰੰਕ ਦੇ ਅਕਾਰ ਦੀ ਇੱਕ ਲਕੜੀ ਦੀ ਪੇਟੀ ਬਣਾ ਕੇ ਉਸ ਵਿਚ ਰੀਡ ਅਤੇ ਹਵਾ ਭਰਨ ਲਈ ਧੌਂਕਣੀ ਲਗਾ ਦਿੱਤੀ। ਇਸ ਧੌਂਖਣੀ ਨੂੰ ਪੱਖਾ ਵੀ ਕਹਿੰਦੇ ਹਨ। ਜਿਸ ਨਾਲ ਹਵਾ ਭਰੀ ਜਾਂਦੀ ਹੈ ਜਿਸ ਦੀ ਦਬਾਅ ਨਾਲ ਰੀਡ ਵਿਚ ਬਣਾਈ ਗਈ ਪੱਤੀ ਕੰਬਣ ਲੱਗ ਪੈਂਦੀ ਹੈ ਜੋ ਧੁੰਨੀ ਪੈਦਾ ਕਰਦੀ ਹੈ। ਸਵਰਾਂ ਦੇ ਪ੍ਰਯੋਗ ਕਰਨ ਲਈ ਸਫ਼ੈਦ ਤੇ ਕਾਲ਼ੀਆਂ ਦੋ ਤਰ੍ਹਾਂ ਦੀਆਂ ਸਵਰ ਪੱਟੜੀਆਂ ਹੁੰਦੀਆਂ ਹਨ ਜਿਹਨਾਂ ਨੂੰ ਸੱਜੇ ਹੱਥ ਦੀਆਂ ਉਂਗਲੀਆਂ ਨਾਲ ਦਬਾਣ ਤੇ ਅਤੇ ਖੱਬੇ ਹੱਥ ਨਾਲ ਧੋਕਣੀ ਵਿੱਚ ਹਵਾ ਭਰਨ ਤੇ ਸਵਰਾਂ ਦੀ ਅਵਾਜ ਪੈਦਾ ਕੀਤੀ ਜਾਂਦੀ ਹੈ।

ਹਰਮੋਨੀਅਮ ਤਿੰਨ ਪ੍ਰਕਾਰ ਦੇ ਹੁੰਦੇ ਹਨ:

1. **ਸਿੰਗਲ ਰੀਡ**: (Single Read) ਇਸ ਵਿੱਚ ਸਿੰਗਲ ਰੀਡ ਭਾਵ ਸਵਰ ਲੱਗੇ ਹੁੰਦੇ ਹਨ।
2. **ਡਬਲ ਰੀਡ**: (Double Read) ਇਸ ਵਿੱਚ ਡਬਲਰੀਡ ਭਾਵ ਦੋਹਰੇ ਸਵਰ ਲੱਗੇ ਹੁੰਦੇ ਹਨ।
3. **ਸਫਰੀ ਹਰਮੋਨੀਅਮ** : (Folding) ਇਸ ਹਰਮੋਨੀਅਮ ਨੂੰ ਮੋੜ ਕੇ ਛੋਟਾ ਬਣਾ ਲੈਂਦੇ ਹਨ, ਜਿਹੜਾ ਚੁੱਕਣ ਵਿੱਚ ਹਲਕਾ ਤੇ ਅਕਾਰ ਵਿੱਚ ਛੋਟਾ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

## ਅੰਗ ਵਰਣਨ

1. **ਪਰਦਾ:** ਇਸ ਨੂੰ ਚਾਬੀ ਵੀ ਕਹਿੰਦੇ ਹਨ। ਪਰਦਿਆਂ ਨੂੰ ਦਬਾਣ ਨਾਲ ਸਵਰ ਉਤਪੰਨ ਹੁੰਦੇ ਹਨ ਇਹ ਸਫੇਦ ਅਤੇ ਕਾਲੇ ਰੰਗ ਦੇ ਹੁੰਦੇ ਹਨ।
2. **ਧੌਂਕਣੀ:** ਧੌਂਕਣੀ ਨੂੰ ਪੱਖਾ ਵੀ ਕਹਿੰਦੇ ਹਨ ਇਸ ਨੂੰ ਚਲਾਉਣ ਨਾਲ ਹਰਮੋਨੀਅਮ ਵਿੱਚ ਹਵਾ ਭਰਦੀ ਹੈ, ਇਹ ਹਰਮੋਨੀਅਮ ਦੇ ਪਿਛਲੇ ਭਾਗ ਵਿੱਚ ਲਗਾਈ ਜਾਂਦੀ ਹੈ ਇਸ ਨੂੰ ਖੱਬੇ ਹੱਥ ਨਾਲ ਚਲਾਉਂਦੇ ਹਨ।
3. **ਰੀਡ:** ਰੀਡ ਪਿੱਤਲ ਦੀ ਇਕ ਆਇਤਾਕਾਰ ਛੋਟੀ ਪੱਟੀ ਹੁੰਦੀ ਹੈ। ਜਿਸਦੇ ਵਿੱਚਕਾਰ ਇਕ ਹੋਰ ਪੱਤਲੀ ਪੱਤੀ ਹੁੰਦੀ ਹੈ, ਜੋ ਥੌਂਕਣੀ ਨਾਲ ਭਰੀ ਗਈ ਹਵਾ ਦੇ ਦਬਾਅ ਨਾਲ ਕੰਬਦੀ ਹੈ। ਇਸ ਕੰਪਨ ਨਾਲ ਧੁੰਨੀ ਉਤਪੰਨ ਹੁੰਦੀ ਹੈ।
4. **ਰੀਡ ਬੋਰਡ:** ਇਹ ਲੱਕੜ ਦੀ ਇੱਕ ਲੰਬੀ ਫੱਟੀ ਹੁੰਦੀ ਹੈ ਇਸ ਤੇ ਰੀਡ ਲਗਾਏ ਜਾਂਦੇ ਹਨ ?
5. **ਸਟਾਪਰ:** ਹਰਮੋਨੀਅਮ ਦੇ ਅੱਗੇ ਲੱਗੀਆਂ ਖੁੰਟੀਆ ਜਾਂ ਚਾਬੀਆਂ ਨੂੰ ਖੋਲ੍ਹਣ ਤੇ ਹਰਮੋਨੀਅਮ ਵਿਚ ਅਵਾਜ ਪੈਦਾ ਹੁੰਦੀ ਹੈ।
6. **ਕਮਾਣੀ:** ਪਰਦੇ ਦੇ ਪਿੱਛੇ ਕਮਾਣੀਆਂ ਲੱਗੀਆਂ ਹੁੰਦੀਆਂ ਹਨ, ਪਰਦਾ ਉਂਗਲੀ ਨਾਲ ਦਬਾਉਣ ਤੇ ਰੀਡ ਦਾ ਛੇਕ ਖੁੱਲ ਜਾਂਦਾ ਹੈ ਅਤੇ ਸਵਰ ਨਿਕਲਦੇ ਹਨ। ਉਂਗਲੀ ਉਠਾ ਲੈਣ ਤੇ ਕਮਾਣੀ ਸਪਰਿੰਗ ਦਾ ਕੰਮ ਕਰਦੀ ਹੈ ਤੇ ਪਰਦਾ ਆਪਣੀ ਜਗ੍ਹਾ ਤੇ ਵਾਪਿਸ ਆ ਜਾਂਦਾ ਹੈ ਤੇ ਰੀਡ ਦਾ ਸੁਰਾਖ ਫਿਰ ਬੰਦ ਹੋ ਜਾਂਦਾ ਹੈ।
7. **ਕਿਸ਼ਤੀ :** ਰੀਡ ਬੋਰਡ ਦੇ ਹੇਠਾਂ ਇੱਕ ਤਖਤੀ ਹੁੰਦੀ ਹੈ ਇਸ ਤਖਤੀ ਵਿੱਚ ਸਟਾਪਰ ਲੱਗੇ ਹੁੰਦੇ ਹਨ। ਸਟਾਪਰ ਬਾਹਰ ਖਿੱਚਣ ਤੇ ਥੌਂਕਣੀ ਦੀ ਹਵਾ ਕਿਸ਼ਤੀ ਵਿੱਚ ਆਉਣ ਲੱਗਦੀ ਹੈ। ਸਟਾਪਰ ਬੰਦ ਕਰ ਦੇਣ ਤੇ ਇਹ ਹਵਾ ਕਿਸ਼ਤੀ ਵਿੱਚੋਂ ਨਿਕਲਣੀ ਬੰਦ ਹੋ ਜਾਂਦੀ ਹੈ।

## ਪਾਠ-ਅਭਿਆਸ

### ਵਸਤੂ ਨਿਸ਼ਠ ਪ੍ਰਸ਼ਨ

1. ਹਰਮੋਨੀਅਮ ਦਾ ਅਵਿਸ਼ਕਾਰ ਕਦੋਂ ਅਤੇ ਕਿਥੇ ਹੋਇਆ।
2. ਹਰਮੋਨੀਅਮ ਦਾ ਦੂਸਰਾ ਨਾਂ ਕੀ ਹੈ।
3. ਧੌਂਕਣੀ ਦਾ ਹਰਮੋਨੀਅਮ ਵਿਚ ਕੀ ਕੰਮ ਹੈ।
4. ਹਰਮੋਨੀਅਮ ਦੇ ਦੋ ਅੰਗਾਂ ਦੇ ਨਾਂ ਲਿਖੋ।
5. ਸਫੇਦ ਤੇ ਕਾਲੀਆਂ ਪੱਟੀਆਂ ਨੂੰ ਕੀ ਕਹਿੰਦੇ ਹਨ ?

**ਅਧਿਆਪਕ ਦੇ ਲਈ**

ਵਿਦਿਆਰਥੀਆਂ ਨੂੰ ਜਮਾਤ ਵਿੱਚ ਹਰਮੋਨੀਅਮ ਦਿਖਾਕੇ ਉਸ ਦੇ ਅੰਗਾਂ ਬਾਰੇ ਜਾਣਕਾਰੀ ਦੇਣੀ ਅਤੇ ਇਸਦਾ ਚਾਰਟ ਤਿਆਰ ਕਰਵਾਉਣਾ।1



Downloaded from https:// www.studiestoday.com

Downloaded from https:// www.studiestoday.com

# ਰਾਗ ਦਾ ਸਮਾਂ ਸਿਧਾਂਤ

ਪਾਠ 3

ਹਿੰਦੁਸਤਾਨੀ ਸੰਗੀਤ ਪੱਧਤੀ ਵਿੱਚ ਰਾਗਾਂ ਦਾ ਗਾਇਨ ਕਰਦੇ ਸਮੇਂ ਰਾਗਾਂ ਦੇ ਵੱਖ-ਵੱਖ ਨਿਯਮਾਂ ਦਾ ਪਾਲਣ ਕੀਤਾ ਜਾਂਦਾ ਹੈ। ਇਨ੍ਹਾਂ ਨਿਯਮਾਂ ਵਿੱਚੋਂ ਇੱਕ ਵਿਸ਼ੇਸ਼ ਨਿਯਮ ਰਾਗਾਂ ਨੂੰ ਸਮੇਂ ਸਿਰ ਗਾਉਣ-ਵਜਾਉਣ ਦਾ ਹੈ। ਸਮੇਂ ਸਿਰ ਰਾਗ ਗਾਉਣ ਤੇ ਵਧੇਰੇ ਰੰਜਕ ਲੱਗਦੇ ਹਨ। ਸੰਗੀਤ ਮਕਰੰਦ ਗ੍ਰੰਥ ਵਿੱਚ ਲਿਖਿਆ ਹੈ ਕਿ ਰਾਗਾਂ ਨੂੰ ਸਮੇਂ ਸਿਰ ਨਾ ਗਾਉਣ ਤੇ ਰਾਗਾਂ ਦੀ ਮੌਤ ਹੋ ਜਾਂਦੀ ਹੈ। ਸੰਗੀਤ ਮਕਰੰਦ ਗ੍ਰੰਥ ਵਿੱਚ ਰਾਗ ਵਰਗੀਕਰਨ ਪੱਧਤੀ ਦੇ ਅੰਤਰਗਤ ਸੂਰਯਾਂਸ਼, ਮੱਧਯਾਂਸ ਤੇ ਚੰਦਰਯਾਂਸ ਪ੍ਰਕਾਰਾਂ ਦਾ ਵਰਨਣ ਮਿਲਦਾ ਹੈ। ਸੂਰਯਾਂਸ ਦੇ ਅੰਤਰਗਤ ਪ੍ਰਾਂਤਕਾਲ ਸਮੇਂ ਵਿੱਚ ਗਾਏ ਜਾਣ ਵਾਲੇ ਰਾਗ, ਮੱਧਯਾਂਸ਼ ਦੇ ਅੰਤਰਗਤ ਦੁਪਹਿਰ ਵੇਲੇ ਤੇ ਚੰਦਰਯਾਂਸ਼ ਦੇ ਅੰਤਰਗਤ ਰਾਤ ਦੇ ਪਹਿਲੇ ਪਹਿਰ ਵਿੱਚ ਗਾਏ ਜਾਣ ਵਾਲੇ ਰਾਗ ਆਉਂਦੇ ਸਨ। ਕੁਝ ਰਾਗਾਂ ਦਾ ਸੰਬੰਧ ਗਰਮੀ, ਸਰਦੀ, ਬਸੰਤ, ਵਰਖਾ, ਹੇਮੰਤ ਆਦਿ ਰੁੱਤਾਂ ਨਾਲ ਜੋੜਿਆ ਜਾਂਦਾ ਹੈ। ਉਦਾਹਰਨ ਦੇ ਤੌਰ ਤੇ 'ਸ੍ਰੀ' ਰਾਗ ਸਰਦੀ ਰੁੱਤ ਵਿੱਚ ਅਤੇ 'ਬਸੰਤ' ਰਾਗ ਬਸੰਤ ਰੁੱਤ ਵਿੱਚ ਗਾਇਆ ਜਾਣ ਤੇ ਵਧੇਰੇ ਮਧੁਰ ਲੱਗਦੇ ਹਨ। ਇਸ ਪ੍ਰਕਾਰ ਰਾਗਾਂ ਨੂੰ ਸਮੇਂ ਅਨੁਸਾਰ ਗਾਉਣ ਵਜਾਉਣ ਨੂੰ ਹੀ ਮਹੱਤਵ ਦਿੱਤਾ ਗਿਆ ਹੈ। ਰਾਗਾਂ ਦਾ ਸਮਾਂ ਨਿਸ਼ਚਿਤ ਕਰਨ ਵਾਲੇ ਨਿਯਮਾਂ ਦਾ ਵਰਨਣ ਇਸ ਪ੍ਰਕਾਰ ਹੈ।

1. **ਪੂਰਵਾਂਗ ਤੇ ਉਤਰਾਂਗ** : ਰਾਗਾਂ ਦਾ ਸਮਾਂ ਨਿਸ਼ਚਿਤ ਕਰਨ ਲਈ ਵਿਦਵਾਨਾਂ ਨੇ ਪੂਰਵਾਂਗ ਤੇ ਉਤਰਾਂਗ ਦਾ ਨਿਯਮ ਦਿੱਤਾ ਹੈ। ਇਸ ਲਈ ਵਿਦਵਾਨਾਂ ਨੇ ਦਿਨ ਤੇ ਰਾਤ ਦੇ 24 ਘੰਟਿਆਂ ਨੂੰ ਦੋ ਭਾਗਾਂ ਵਿੱਚ ਵੰਡਿਆ। ਪਹਿਲਾ ਭਾਗ ਦਿਨ ਦੇ 12 ਵਜੇ ਤੋਂ ਲੈ ਕੇ ਰਾਤ ਦੇ 12 ਵਜੇ ਤੱਕ ਅਤੇ ਦੂਜਾ ਭਾਗ ਰਾਤ ਦੇ 12 ਵਜੇ ਤੋਂ ਦਿਨ ਦੇ 12 ਵਜੇ ਤੱਕ। ਪਹਿਲੇ ਭਾਗ ਨੂੰ ਪੂਰਵਾਂਗ ਅਤੇ ਦੂਜੇ ਭਾਗ ਨੂੰ ਉਤਰਾਂਗ ਦਾ ਨਾਮ ਦਿੱਤਾ ਗਿਆ। ਇਸ ਪ੍ਰਕਾਰ ਸਪਤਕ ਦੇ ਸਵਰਾਂ ਨੂੰ ਵੀ ਦੋ ਭਾਗਾਂ ਵਿੱਚ ਵੰਡਿਆ ਗਿਆ। ਪਹਿਲੇ ਭਾਗ 'ਸ ਰੇ ਗ ਮ' ਨੂੰ ਪੂਰਵਾਂਗ ਅਤੇ ਦੂਜੇ ਭਾਗ 'ਪ ਧ ਨੀ ਸਂ' ਨੂੰ ਉਤਰਾਂਗ ਕਿਹਾ ਗਿਆ ਹੈ।

ਇਸ ਨਿਯਮ ਦੇ ਅਨੁਸਾਰ ਰਾਗ ਦਾ ਸਮਾਂ ਨਿਸ਼ਚਿਤ ਕਰਨ ਲਈ ਰਾਗ ਦਾ ਵਾਦੀ ਸਵਰ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਇਸਦੇ ਅਨੁਸਾਰ ਜੇਕਰ ਕਿਸੇ ਰਾਗ ਦਾ ਵਾਦੀ ਸਵਰ ਸਪਤਕ ਦੇ ਪੂਰਵਾਂਗ ਭਾਵ 'ਸ ਰੇ ਗ ਮ' ਸਵਰਾਂ ਵਿੱਚੋਂ ਕੋਈ ਇੱਕ ਹੈ ਤਾਂ ਰਾਗ ਪੂਰਵਾਂਗਵਾਦੀ ਕਹਾਏਗਾ। ਇਸ ਪੂਰਵਾਂਗਵਾਦੀ ਰਾਗ ਦਾ ਸਮਾਂ ਦਿਨ ਦੇ 12 ਵਜੇ ਤੋਂ ਲੈ ਕੇ ਰਾਤ ਦੇ 12 ਵਜੇ ਤੱਕ ਹੋਵੇਗਾ। ਉਦਾਹਰਨ ਦੇ ਤੌਰ ਤੇ ਰਾਗ ਕਲਿਆਣ ਦਾ ਵਾਦੀ ਸਵਰ 'ਗ' ਹੈ ਜੋ ਕਿ ਸਪਤਕ ਦੇ ਪੂਰਵਾਂਗ ਵਿੱਚ ਆਉਂਦਾ ਹੈ। ਇਸ ਲਈ ਇਸ ਦਾ ਸਮਾਂ ਦਿਨ ਦੇ 12 ਵਜੇ ਤੋਂ ਰਾਤ ਦੇ 12 ਵਜੇ ਤੱਕ ਹੋਵੇਗਾ।



Downloaded from https:// www.studiestoday.com

Downloaded from https:// www.studiestoday.com

ਇਸ ਪ੍ਰਕਾਰ ਜੇਕਰ ਕਿਸੇ ਰਾਗ ਦਾ ਵਾਦੀ ਸਵਰ ਸਪਤਕ ਦੇ ਉਤਰਾਂਗ ਭਾਵ 'ਪ ਧ ਨੀ ਸਂ' ਸਵਰਾਂ ਵਿੱਚੋਂ ਕੋਈ ਇੱਕ ਹੈ ਤਾਂ ਰਾਗ ਉਤਰਾਂਗਵਾਦੀ ਕਹਾਏਗਾ ਅਤੇ ਇਸ ਰਾਗ ਦਾ ਸਮਾਂ ਰਾਤ ਦੇ 12 ਵਜੇ ਤੋਂ ਲੈ ਕੇ ਦਿਨ ਦੇ 12 ਵਜੇ ਤੱਕ ਹੋਵੇਗਾ। ਉਦਾਹਰਨ ਦੇ ਤੌਰ ਤੇ ਰਾਗ ਬਿਲਾਵਲ ਦਾ ਵਾਦੀ ਸਵਰ 'ਧ' ਹੈ। 'ਧ' ਸਵਰ ਸਪਤਕ ਦੇ ਉਤਰਾਂਗ ਦੇ ਵਿੱਚ ਆਉਂਦਾ ਹੈ। ਇਸ ਲਈ ਰਾਗ ਬਿਲਾਵਲ ਦਾ ਸਮਾਂ ਰਾਤ ਦੇ 12 ਵਜੇ ਤੋਂ ਲੈ ਕੇ ਦਿਨ ਦੇ 12 ਵਜੇ ਤੱਕ ਹੋਵੇਗਾ।

**ਅਪਵਾਦ : -** ਹਿੰਦੁਸਤਾਨੀ ਸੰਗੀਤ ਵਿੱਚ ਕੁਝ ਰਾਗ ਅਜਿਹੇ ਸਨ, ਜਿਹੜੇ ਕਿ ਇਸ ਨਿਯਮ ਦੇ ਅੰਤਰਗਤ ਨਹੀਂ ਆਉਂਦੇ ਸਨ। ਉਦਾਹਰਨ ਦੇ ਤੌਰ ਤੇ ਰਾਗ ਭੈਰਵੀ ਦਾ ਵਾਦੀ ਸਵਰ 'ਮ' ਹੈ ਜੋ ਕਿ ਸਪਤਕ ਦੇ ਪੂਰਵਾਂਗ ਵਿੱਚ ਆਉਂਦਾ ਹੈ। ਇਸ ਨਿਯਮ ਦੇ ਅਨੁਸਾਰ ਇਸ ਦਾ ਸਮਾਂ ਦਿਨ ਦੇ 12 ਵਜੇ ਤੋਂ ਲੈ ਕੇ ਰਾਤ ਦੇ 12 ਵਜੇ ਤੱਕ ਬਣਦਾ ਹੈ। ਰਾਗ ਭੈਰਵੀ ਦਾ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ ਜੋ ਕਿ ਰਾਤ ਦੇ 12 ਵਜੇ ਤੋਂ ਲੈ ਕੇ ਦਿਨ ਦੇ 12 ਵਜੇ ਤੱਕ ਆਉਂਦਾ ਹੈ, ਭਾਵ ਕਿ ਉਤਰਾਂਗ ਭਾਗ ਵਿੱਚ ਆਉਂਦਾ ਹੈ। ਇਸ ਪ੍ਰਕਾਰ ਰਾਗ ਭੈਰਵੀ ਉੱਪਰ ਇਹ ਨਿਯਮ ਲਾਗੂ ਨਹੀਂ ਹੁੰਦਾ। ਇਸ ਅਪਵਾਦ ਵਿੱਚੋਂ ਕੱਢਣ ਲਈ ਵਿਦਵਾਨਾਂ ਦੇ ਪੂਰਵਾਂਗ ਤੇ ਉਤਰਾਂਗ ਦੇ ਖੇਤਰ ਨੂੰ ਹੋਰ ਵਧਾ ਦਿੱਤਾ। ਪੂਰਵਾਂਗ ਭਾਗ ਵਿੱਚ 'ਪ' ਸਵਰ ਨੂੰ ਜੋੜ ਦਿੱਤਾ ਗਿਆ ਅਤੇ ਉਤਰਾਂਗ ਭਾਵ ਵਿੱਚ 'ਮ' ਸਵਰ ਨੂੰ ਜੋੜ ਦਿੱਤਾ ਗਿਆ। ਇਸ ਪ੍ਰਕਾਰ 'ਮ' ਅਤੇ 'ਪ' ਸਵਰ ਪੂਰਵਾਂਗ ਤੇ ਉਤਰਾਂਗ ਦੋਨਾਂ ਭਾਗਾਂ ਵਿੱਚ ਆਉਂਦੇ ਹਨ। ਇਸ ਪ੍ਰਕਾਰ ਪੂਰਵਾਂਗ ਭਾਗ 'ਸ ਰੇ ਗ ਮ ਪ' ਅਤੇ ਉਤਰਾਂਗ 'ਮ ਪ ਧ ਨੀ ਸਂ' ਬਣ ਗਿਆ।

ਪੂਰਵਾਂਗ – ਸ ਰੇ ਗ ਮ ਪ

ਉਤਰਾਂਗ – ਮ ਪ ਧ ਨੀ ਸਂ

ਅਜਿਹਾ ਕਰਨ ਨਾਲ ਜਿਹੜੇ ਰਾਗਾਂ ਦਾ ਵਾਦੀ ਸਵਰ 'ਮ' ਜਾਂ 'ਪ' ਹੁੰਦਾ ਸੀ, ਉਨ੍ਹਾਂ ਦਾ ਸਮਾਂ ਨਿਸ਼ਚਿਤ ਕਰਨਾ ਮੁਸ਼ਕਿਲ ਹੋ ਗਿਆ। ਇਸ ਸਮੱਸਿਆ ਵਿੱਚੋਂ ਨਿਕਲਣ ਲਈ ਇਹ ਦੇਖਿਆ ਜਾਂਦਾ ਹੈ ਕਿ ਰਾਗ ਦਾ ਚਲਨ ਸਪਤਕ ਦੇ ਕਿਹੜੇ ਹਿੱਸੇ ਵਿੱਚ ਵਧੇਰੇ ਹੈ। ਜੇਕਰ ਰਾਗ ਦਾ ਚਲਨ ਸਪਤਕ ਦੇ ਪੂਰਵਾਂਗ ਵਿੱਚ ਵਧੇਰੇ ਹੈ ਤਾਂ ਰਾਗ ਪੂਰਵਾਂਗਵਾਦੀ ਹੋਵੇਗਾ ਅਤੇ ਜੇਕਰ ਸਪਤਕ ਦੇ ਉਤਰਾਂਗ ਵਿੱਚ ਰਾਗ ਦਾ ਚਲਨ ਵਧੇਰੇ ਹੈ ਤਾਂ ਰਾਗ ਉਤਰਾਂਗਵਾਦੀ ਹੋਵੇਗਾ।

**2. ਪੰ. ਭਾਤਖੰਡੇ ਜੀ ਦਾ ਵਿਗਿਆਨਿਕ ਢੰਗ : -**

ਪੰ. ਭਾਤਖੰਡੇ ਜੀ ਨੇ ਰਾਗਾਂ ਦਾ ਸਮਾਂ ਨਿਸ਼ਚਿਤ ਕਰਨ ਲਈ ਵਿਗਿਆਨਿਕ ਢੰਗ ਨਾਲ ਰਾਗਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਹੈ ਜੋ ਕਿ 'ਸੰਗੀਤ ਰਤਨਾਕਰ' ਗ੍ਰੰਥ ਦੇ ਵਿੱਚ ਦਿੱਤੇ ਗਏ ਸਿਧਾਂਤ ਤੇ ਆਧਾਰਿਤ ਹਨ।

1. 'ਰੇ' ਅਤੇ ਧੁ ਕੋਮਲ ਸਵਰਾਂ ਵਾਲੇ ਰਾਗ
2. 'ਰੇ' ਅਤੇ 'ਧ' ਸ਼ੁੱਧ ਸਵਰਾਂ ਵਾਲੇ ਰਾਗ
3. 'ਗੁ' ਅਤੇ 'ਨੁੀ' ਕੋਮਲ ਸਵਰਾਂ ਵਾਲੇ ਰਾਗ



Downloaded from https:// www.studiestoday.com

Downloaded from https:// www.studiestoday.com

**1. 'ਰੁ' ਅਤੇ 'ਧੁ' ਕੋਮਲ ਸਵਰਾਂ ਵਾਲੇ ਰਾਗ :**

'ਰੁ' ਅਤੇ 'ਧੁ' ਕੋਮਲ ਸਵਰਾਂ ਵਾਲੇ ਰਾਗ ਸੰਧੀ ਪ੍ਰਕਾਸ਼ ਸਮੇਂ ਦੇ ਅੰਤਰਗਤ ਆਉਂਦੇ ਹਨ। ਸੰਧੀ ਪ੍ਰਕਾਸ਼ ਸਮਾਂ ਉਹ ਸਮਾਂ ਹੈ, ਜਦੋਂ ਦਿਨ ਅਤੇ ਰਾਤ ਦਾ ਪ੍ਰਸਪਰ ਮੇਲ ਹੁੰਦਾ ਹੈ। ਇਹ ਸਮਾਂ ਦਿਨ ਵਿੱਚ ਦੋ ਵਾਰ ਆਉਂਦਾ ਹੈ—ਪ੍ਰਾਂਤਕਾਲੀਨ ਸੰਧੀ ਪ੍ਰਕਾਸ਼ ਅਤੇ ਸੰਝ ਕਾਲੀਨ 'ਸੰਧੀ ਪ੍ਰਕਾਸ਼'। ਸੰਧੀ ਪ੍ਰਕਾਸ਼ ਦਾ ਸਮਾਂ ਸਵੇਰ ਦੇ 4 ਵਜੇ ਤੋਂ 7 ਵਜੇ ਤੱਕ ਅਤੇ ਸ਼ਾਮ ਨੂੰ 4 ਵਜੇ ਤੋਂ 7 ਵਜੇ ਤੱਕ ਮੰਨਿਆ ਗਿਆ ਹੈ। ਇਸ ਨਿਯਮ ਦੀ ਇੱਕ ਵਿਸ਼ੇਸ਼ਤਾ ਹੈ ਕਿ ਪ੍ਰਾਂਤਕਾਲੀਨ ਸੰਧੀ ਪ੍ਰਕਾਸ਼ ਰਾਗਾਂ ਵਿੱਚ ਸ਼ੁੱਧ ਮਧਿਅਮ ਅਤੇ ਸੰਝ ਕਾਲੀਨ ਸੰਧੀ ਪ੍ਰਕਾਸ਼ ਰਾਗਾਂ ਵਿੱਚ ਤੀਵਰ ਮੱਧਿਅਮ ਦੀ ਪ੍ਰਧਾਨਤਾ ਹੁੰਦੀ ਹੈ।

ਸਵੇਰ ਦੇ ਸੰਧੀ ਪ੍ਰਕਾਸ਼ ਰਾਗਾਂ ਵਿੱਚ ਭੈਰਵ, ਰਾਮਕਲੀ ਆਦਿ ਰਾਗ ਆਉਂਦੇ ਹਨ ਅਤੇ ਸ਼ਾਮ ਦੇ ਸੰਧੀ ਪ੍ਰਕਾਸ਼ ਰਾਗਾਂ ਦੀ ਸ਼੍ਰੇਣੀ ਵਿੱਚ ਪੂਰਵੀ, ਪੂਰੀਆਂ ਧਨਾਸ਼ਰੀ ਆਦਿ ਰਾਗ ਆਉਂਦੇ ਹਨ।

ਇਸ ਨਿਯਮ ਦਾ ਅਪਵਾਦ ਵੀ ਹੈ। ਕੁਝ ਸੰਧੀ ਪ੍ਰਕਾਸ਼ ਰਾਗ ਅਜਿਹੇ ਵੀ ਹਨ, ਜਿਨ੍ਹਾਂ ਵਿੱਚ ਰੁ ਕੋਮਲ ਹੈ।, ਪ੍ਰੰਤੂ 'ਧ' ਸਵਰ ਸ਼ੁੱਧ ਪ੍ਰਯੋਗ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਰਾਗ ਮਾਰਵਾ ਸੰਝ ਕਾਲੀਨ ਸੰਧੀ ਪ੍ਰਕਾਸ਼ ਰਾਗ ਹੈ। ਇਸ ਵਿੱਚ ਰੁ ਕੋਮਲ, ਦੇ ਨਾਲ 'ਧ' ਸ਼ੁੱਧ ਦਾ ਪ੍ਰਯੋਗ ਹੁੰਦਾ ਹੈ। ਇਸ ਅਪਵਾਦ ਵਿੱਚੋਂ ਕੱਢਣ ਦੇ ਲਈ ਇਨ੍ਹਾਂ ਰਾਗਾਂ ਵਿੱਚ ਰੁ ਕੋਮਲ ਦੇ ਨਾਲ 'ਗ ਸ਼ੁੱਧ' ਦਾ ਪ੍ਰਯੋਗ ਇਨ੍ਹਾਂ ਰਾਗਾਂ ਵਿੱਚ ਜ਼ਰੂਰੀ ਮੰਨਿਆ ਗਿਆ ਹੈ। 'ਧ' ਸਵਰ ਕੋਮਲ ਅਤੇ ਸ਼ੁੱਧ ਕੋਈ ਵੀ ਹੋ ਸਕਦਾ ਹੈ। ਇਸਦੇ ਅੰਤਰਗਤ ਭੈਰਵ, ਪੂਰਵੀ ਤੇ ਮਾਰਵਾ ਥਾਟਾਂ ਦੇ ਜਨਯ ਰਾਗ ਆਉਂਦੇ ਹਨ।

**2. ਰੇ, ਧ ਸ਼ੁੱਧ ਸਵਰਾਂ ਵਾਲੇ ਰਾਗ :**

ਸੰਧੀ ਪ੍ਰਕਾਸ਼ ਰਾਗਾਂ ਤੋਂ ਬਾਅਦ 'ਰੇ' ਅਤੇ 'ਧ' ਸ਼ੁੱਧ ਸਵਰਾਂ ਵਾਲੇ ਰਾਗ ਦਾ ਸਮਾਂ ਆਉਂਦਾ ਹੈ। ਇਨ੍ਹਾਂ ਰਾਗਾਂ ਦਾ ਸਮਾਂ ਦਿਨ ਦੇ 7 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ ਦੇ 7 ਵਜੇ ਤੋਂ 10 ਵਜੇ ਤੱਕ ਹੁੰਦਾ ਹੈ। ਕੁਝ ਵਿਦਵਾਨ ਇਸਦਾ ਸਮਾਂ 7 ਵਜ਼ੇ ਤੋਂ 12 ਵਜ਼ੇ ਤੱਕ ਮੰਨਦੇ ਹਨ। ਇਸ ਵਰਗ ਦੇ ਅੰਤਰਗਤ ਬਿਲਾਵਲ, ਕਲਿਆਣ, ਖਮਾਜ ਆਦਿ ਥਾਟਾਂ ਦੇ ਰਾਗ ਆਉਂਦੇ ਹਨ।

ਇਨ੍ਹਾਂ ਰਾਗਾਂ ਦੀ ਸ਼੍ਰੇਣੀ ਵਿੱਚ ਰੇ, ਧ ਸ਼ੁੱਧ ਸਵਰਾਂ ਦੇ ਨਾਲ 'ਗ' ਸ਼ੁੱਧ ਦਾ ਹੋਣਾ ਵੀ ਜ਼ਰੂਰੀ ਮੰਨਿਆ ਗਿਆ ਹੈ। ਸਵੇਰ ਦੇ ਰੇ, ਧ ਸ਼ੁੱਧ ਸਵਰਾਂ ਵਾਲੇ ਰਾਗ ਵਿੱਚ ਸ਼ੁੱਧ ਮੱਧਿਅਮ ਅਤੇ ਸ਼ਾਮ ਦੇ ਰਾਗਾਂ ਵਿੱਚ ਤੀਵਰ ਮੱਧਿਅਮ ਦੀ ਪ੍ਰਧਾਨਤਾ ਹੁੰਦੀ ਹੈ।

**3. ਗੁ ਅਤੇ ਨੁੀ ਕੋਮਲ ਸਵਰਾਂ ਵਾਲੇ ਰਾਗ :** 'ਰੇ' ਅਤੇ 'ਧ' ਸ਼ੁੱਧ ਸਵਰਾਂ ਵਾਲੇ ਰਾਗਾਂ ਦੇ ਗਾਇਨ ਤੋਂ ਬਾਅਦ 'ਗੁ' ਅਤੇ 'ਨੁੀ' ਕੋਮਲ ਸਵਰਾਂ ਵਾਲੇ ਰਾਗਾਂ ਦਾ ਸਮਾਂ ਆਉਂਦਾ ਹੈ। ਇਨ੍ਹਾਂ ਰਾਗਾਂ ਦਾ ਗਾਇਨ ਸਮਾਂ ਸਵੇਰ ਦੇ 10 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਅਤੇ ਰਾਤ ਦੇ 10 ਵਜੇ ਤੋ ਸਵੇਰ ਦੇ 4 ਵਜੇ ਤੱਕ ਮੰਨਿਆ ਜਾਂਦਾ ਹੈ। ਇਸ ਦੇ ਅੰਤਰਗਤ ਕਾਫ਼ੀ, ਤੋੜੀ, ਭੈਰਵੀ, ਆਸਾਵਰੀ ਥਾਟਾਂ ਦੇ ਰਾਗ ਆਉਂਦੇ ਹਨ।



Downloaded from https:// www.studiestoday.com

Downloaded from https:// www.studiestoday.com

ਇਸ ਨਿਯਮ ਵਿੱਚ ਵੀ ਅਪਵਾਦ ਪਾਇਆ ਗਿਆ ਹੈ, ਕਿਉਂਕਿ ਇਸ ਨਿਯਮ ਦੇ ਅੰਤਰਗਤ ਕੁਝ ਰਾਗ ਅਜਿਹੇ ਹਨ, ਜਿਨ੍ਹਾਂ ਵਿੱਚ 'ਗੁ' ਕੋਮਲ ਦੇ ਨਾਲ 'ਨੀ' ਸ਼ੁੱਧ ਦਾ ਪ੍ਰਯੋਗ ਹੁੰਦਾ ਹੈ। ਇਸ ਨਿਯਮ ਨੂੰ ਇਸ ਅਪਵਾਦ ਵਿੱਚੋਂ ਕੱਢਣ ਲਈ ਵਿਦਵਾਨਾਂ ਦੇ ਇਸਦੇ ਅੰਤਰਗਤ ਆਉਣ ਵਾਲੇ ਰਾਗਾਂ ਵਿੱਚ 'ਗੁ' ਕੋਮਲ ਦਾ ਹੋਣਾ ਜ਼ਰੂਰੀ ਮੰਨਿਆ ਹੈ।

ਇਸ ਪ੍ਰਕਾਰ ਪੰ. ਭਾਂਤਖੰਡੇ ਜੀ ਨੇ ਵਿਗਿਆਨਿਕ ਢੰਗ ਅਨੁਸਾਰ 10 ਥਾਟਾਂ ਦੇ ਰਾਗਾਂ ਦੇ ਸਮੇਂ ਨੂੰ ਨਿਰਧਾਰਿਤ ਕੀਤਾ ਹੈ।

## ਪਾਠ-ਅਭਿਆਸ

### ਵਸਤੂ ਨਿਸ਼ਠ ਪ੍ਰਸ਼ਨ —

1. ਪੂਰਵਾਂਗ ਤੋਂ ਕੀ ਭਾਵ ਹੈ ?
2. ਸਪਤਕ ਵਿੱਚ ਉਤਰਾਂਗ ਦਾ ਖੇਤਰ ਦੱਸੋ ?
3. ਰੇ ਅਤੇ ਧੁ ਕੋਮਲ ਸਵਰਾਂ ਵਾਲੇ ਰਾਗਾਂ ਦਾ ਗਾਇਨ ਸਮਾਂ ਦੱਸੋ ?
4. ਰੇ ਅਤੇ ਧ ਸ਼ੁੱਧ ਸਵਰਾਂ ਵਾਲੇ ਰਾਗਾਂ ਵਿੱਚ ਕਿਨ੍ਹਾਂ ਥਾਟਾਂ ਦੇ ਰਾਗ ਆਉਂਦੇ ਹਨ ?
5. 'ਗੁ' ਅਤੇ 'ਨੀ' ਕੋਮਲ ਸਵਰਾਂ ਵਾਲੇ ਰਾਗਾਂ ਦਾ ਗਾਇਨ ਸਮਾਂ ਕੀ ਹੈ ?
6. ਰਾਗਾਂ ਦਾ ਸਮਾਂ ਨਿਰਧਾਰਿਤ ਕਰਦੇ ਸਮੇਂ ਮੱਧਿਅਮ ਸਵਰ ਦੀ ਕੀ ਭੂਮਿਕਾ ਹੈ ?

**ਅਧਿਆਪਕ ਲਈ**

ਅਧਿਆਪਕ ਵਿਦਿਆਰਥੀਆਂ ਤੋਂ ਵੱਖ-2 ਰਾਗਾਂ ਦੇ ਸਮੇਂ ਸਿਧਾਂਤ ਦਾ ਚਾਰਟ ਤਿਆਰ ਕਰਵਾਏ।



Downloaded from https:// www.studiestoday.com

Downloaded from https:// www.studiestoday.com

# ਪਰਿਭਾਸ਼ਾਵਾਂ

## ਪਾਠ 4



### (i) ਵਰਣ

ਗਾਉਣ ਦੀ ਕ੍ਰਿਆ ਨੂੰ ਵਰਣ ਕਹਿੰਦੇ ਹਾਂ, ਜਾਂ ਇੰਜ ਕਹਿ ਸਕਦੇ ਹਾਂ, ਸਵਰਾਂ ਦੇ ਭਿੰਨ-ਭਿੰਨ ਕ੍ਰਮ ਅਰਥਾਤ ਚਾਲ ਨੂੰ ਵਰਣ ਕਹਿੰਦੇ ਹਨ।ਵਰਣ ਚਾਰ ਤਰ੍ਹਾਂ ਦੇ ਹੁੰਦੇ ਹਨ।

(1) ਸਥਾਈ ਵਰਣ (2) ਆਰੋਹੀ ਵਰਣ (3) ਅਵਰੋਹੀ ਵਰਣ (4) ਸੰਚਾਰੀ ਵਰਣ। ਗਾਉਣ-ਵਜਾਉਣ ਦੀਆਂ ਅਨੇਕਾਂ ਚਾਲਾਂ (ਕਿਆ੍ਵਾਂ) ਹੁੰਦੀਆਂ ਹਨ।ਹੇਠਲੇ ਸਵਰਾਂ ਤੋਂ ਉਪਰ ਵਾਲੇ ਸਵਰਾਂ ਤਕ ਜਾਂ ਉਪਰ ਵਾਲੇ ਸਵਰਾਂ ਤੋਂ ਹੇਠਲੇ ਸਵਰਾਂ ਤਕ ਜਾਣ ਦੀਆਂ ਅਨੇਕਾਂ ਕ੍ਰਿਆਵਾਂ ਆਦਿ। ਇਸ ਤਰ੍ਹਾਂ ਭਿੰਨ-ਭਿੰਨ ਸਵਰਾਂ ਦੇ ਪ੍ਰਯੋਗ ਤੋਂ ਅਵਾਜ਼ ਨੂੰ ਜਿਹੜੀ ਆਵਾਜ਼ ਮਿਲਦੀ ਹੈ ਉਸ ਤੋਂ ਗਾਉਣ ਜਾਂ ਵਜਾਉਣ ਵਿੱਚ ਭਿੰਨ-ਭਿੰਨ ਕ੍ਰਿਆਵਾਂ ਹੁੰਦੀਆਂ ਹਨ, ਉਨ੍ਹਾਂ ਨੂੰ ਵਰਣ ਕਹਿੰਦੇ ਹਨ।ਅਭਿਨਵ ਰਾਗ ਮੰਦਾਰੀ ਵਿੱਚ ਕਿਹਾ ਗਿਆ ਹੈ:

"ਗਾਨ ਕ੍ਰਿਯੋਚਯਤੇ ਵਰਣ" ਅਰਥਾਤ ਗਾਉਣ ਦੀ ਕ੍ਰਿਆ ਨੂੰ ਵਰਣ ਕਹਿੰਦੇ ਹਨ।

ਵਰਣ ਚਾਰ ਤਰ੍ਹਾਂ ਦੇ ਹੁੰਦੇ ਹਨ

(1) **ਸਥਾਈ ਵਰਣ**

(2) **ਆਰੋਹੀ ਵਰਣ**

(3) **ਅਵਰੋਹੀ ਵਰਣ**

(4) **ਸੰਚਾਰੀ ਵਰਣ**

**(1) ਸਥਾਈ ਵਰਣ:** ਜਦੋਂ ਕਿਸੀ ਇੱਕ ਸਵਰ ਦਾ ਸਵਰੂਪ ਹੋਵੇ ਭਾਵ ਉਸ ਦੀ ਗਤੀ ਅੱਗੇ ਪਿੱਛੇ ਨਾ ਹੋ ਕੇ ਇੱਕ ਹੀ ਜਗ੍ਹਾ ਤੇ ਸਥਿਰ ਹੋਵੇ, ਉਸ ਨੂੰ ਸਥਾਈ ਵਰਣ ਕਹਿੰਦੇ ਹਨ, ਭਾਵ ਇੱਕ ਤੋਂ ਜ਼ਿਆਦਾ ਵਾਰ ਜਾਂ ਉੱਚਾਰਣ ਦਿਤਾ ਜਾਵੇ ਉਸ ਨੂੰ ਸਥਾਈ ਵਰਣ ਕਹਿੰਦੇ ਹਨ ਜਿਵੇਂ ਸ ਸ ਸ ਸ ਰੇ ਰੇ ਰੇ ਰੇ ਗ ਗ ਗ ਗ ਆਦਿ। ਸਥਾਈ ਦਾ ਅਰਥ ਹੀ ਸਥਿਰ ਜਾਂ ਪੱਕੇ ਹੋਣਾ ਹੁੰਦਾ ਹੈ।

**(2) ਆਰੋਹੀ ਵਰਣ:** ਜਦੋਂ ਸਵਰਾਂ ਨੂੰ ਆਰੋਹ ਕ੍ਰਮ ਜਾਂ ਚੜ੍ਹਦੇ ਹੋਏ ਕ੍ਰਮ ਵਿੱਚ ਗਾਇਆ-ਵਜਾਇਆ ਜਾਵੇ ਉਸ ਨੂੰ ਆਰੋਹੀ ਵਰਣ ਕਹਿੰਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ।

**(3) ਅਵਰੋਹੀ ਵਰਣ:** ਸਵਰਾਂ ਦੇ ਉਤਰਦੇ ਹੋਏ ਕ੍ਰਮ ਨੂੰ ਅਰਥਾਤ ਉਪਰ ਵਾਲੇ ਸਵਰਾਂ ਤੋਂ ਹੇਠਾਂ ਵਾਲੇ



Downloaded from https:// www.studiestoday.com

Downloaded from https:// www.studiestoday.com

ਸਵਰਾਂ ਵੱਲ ਆਉਂਦੇ ਹੋਏ ਕ੍ਰਮ ਨੂੰ ਅਵਰੋਹੀ ਵਰਣ ਕਹਿੰਦੇ ਹਨ ਜਿਵੇਂ ਸ ਨੀ ਧ ਪ ਸ ਗ ਰੇ ਸ।

**(4) ਸੰਚਾਰੀ ਵਰਣ:** ਸਥਾਈ ਆਰੋਹੀ ਅਵਰੋਹੀ ਇਨ੍ਹਾਂ ਤਿੰਨਾਂ ਦੇ ਵਰਣਾਂ ਦੇ ਮਿਲੇ ਜੁਲੇ ਰੂਪ ਨੂੰ ਸੰਚਾਰੀ ਵਰਣ ਕਹਿੰਦੇ ਹਨ। ਇਸ ਵਿੱਚ ਕਦੇ ਤਾਂ ਕੋਈ ਸਵਰ ਉੱਪਰ ਚੜ੍ਹ ਜਾਂਦਾ ਹੈ ਅਤੇ ਕੋਈ ਸਵਰ ਬਾਰ-ਬਾਰ ਦੁਹਰਾਇਆ ਜਾਂਦਾ ਹੈ ਤੇ ਕਦੇ ਕੋਈ ਸਵਰ ਹੇਠਾਂ ਵੱਲ ਗਾਏ-ਵਜਾਏ ਜਾਂਦੇ ਹਨ। ਇਸ ਤਰ੍ਹਾਂ ਸਵਰਾਂ ਦੇ ਭਿੰਨ-ਭਿੰਨ ਪ੍ਰਯੋਗਾਂ ਤੋਂ ਗਾਇਨ-ਵਾਦਨ ਵਿੱਚ ਰਸ ਪੈਦਾ ਕੀਤਾ ਜਾਵੇ ਤਾਂ ਉਸ ਨੂੰ ਸੰਚਾਰੀ ਵਰਣ ਕਹਿੰਦੇ ਹਨ ਜਿਵੇਂ ਸ ਸ, ਰੇ ਗ, ਗ ਮ, ਗ ਰੇ ਸ ਸ।

**(ii) ਕਣ:** ਭਾਰਤੀ ਸੰਗੀਤ ਵਿੱਚ ਰਾਗਾਂ ਨੂੰ ਭਿੰਨ-ਭਿੰਨ ਅਲੰਕਾਰਾਂ ਨਾਲ ਸਜਾ ਕੇ ਪੇਸ਼ ਕੀਤਾ ਜਾਂਦਾ ਹੈ ਜਿਵੇਂ ਮੀਡੰ, ਗਮਕ ਖਟਕਾ ਆਦਿ। ਇਹ ਸਵਰਾਂ ਵਿੱਚ ਅਜਿਹੇ ਸੂਖਮ ਅੰਗਾਂ ਦਾ ਪ੍ਰਸਤੁਤੀਕਰਣ ਹੈ ਜਿਹੜਾ ਰਾਗ ਦੀ ਸੁੰਦਰਤਾ ਨੂੰ ਚਾਰ ਚੰਨ ਲਗਾਉਂਦਾ ਹੈ।

ਜਦੋਂ ਗਾਉਂਦੇ ਜਾਂ ਵਜਾਉਂਦੇ ਸਮੇਂ ਰਾਗ ਵਿੱਚ ਮੂਲ ਸਵਰ ਦੇ ਅੱਗੇ ਜਾਂ ਪਿੱਛੇ ਦੇ ਸਵਰ ਨੂੰ ਸਪਰਸ਼ ਮਾਤਰ ਕਰੀਏ ਤਾਂ ਸਪਰਸ਼ ਕੀਤੇ ਸਵਰ ਨੂੰ ਕਣ ਕਹਿੰਦੇ ਹਨ। ਕਣ ਦਾ ਅਰਥ ਹੈ, ਤਿਨਕਾ। ਕਣ ਅਰਥ ਦੇ ਅਨੁਸਾਰ ਜਿਸ ਸਵਰ ਦਾ ਪ੍ਰਯੋਗ ਕਣ ਮਾਤਰ ਅਰਥਾਤ ਨਾਮ ਮਾਤਰਾ ਹੋਵੇ ਉਸ ਨੂੰ ਕਣ ਸਵਰ ਕਹਾਂਗੇ ਕਣ ਸਵਰ ਦੋ ਤਰ੍ਹਾਂ ਦੇ ਹੁੰਦੇ ਹਨ:

**1. ਪੂਰਵ ਕਣ:** ਇਸ ਵਿੱਚ ਸਵਰ ਦਾ ਪ੍ਰਯੋਗ ਮੂਲ ਸਵਰ (ਜੋ ਸਵਰ ਪ੍ਰਯੋਗ ਵਿਚ ਹੈ) ਤੋਂ ਪਹਿਲਾ ਕੀਤਾ ਜਾਂਦਾ ਹੈ। ਇਸ ਲਈ ਕਣ ਸਵਰ ਨੂੰ ਮੂਲ ਸਵਰ ਦੇ ਖੱਬੇ ਪਾਸੇ ਲਿਖਿਆ ਜਾਂਦਾ ਹੈ ਜਿਵੇਂ ਰੇ $_{\text{ਗ}}$

**2. ਅਣੂ ਲਗਨ ਕਣ:** ਇਸ ਵਿੱਚ ਪੂਰਵ ਲਗਨ ਤੋਂ ਉਲਟਾ ਹੁੰਦਾ ਹੈ। ਅਰਥਾਤ ਇਹ ਮੂਲ ਸਵਰ ਤੋਂ ਪਹਿਲਾ ਬੋਲੀਆ ਜਾਂਦਾ ਹੈ ਅਤੇ ਸੱਜੇ ਪਾਸੇ ਲਿਖੀਆਂ ਜਾਂਦਾ ਹੈ ਜਿਵੇਂ: 'ਗ $^{\text{ਸ}}$'

**(iii) ਖਟਕਾ:** ਚਾਰ ਜਾਂ ਚਾਰ ਤੋਂ ਵੱਧ ਸਵਰਾਂ ਦੀ ਇੱਕ ਗੋਲਾਈ ਬਣਾਉਂਦੇ ਹੋਏ, ਸਵਰਾਂ ਦੇ ਦਰੁਤ ਪ੍ਰਯੋਗ ਨੂੰ ਖਟਕਾ ਕਹਿੰਦੇ ਹਨ ਜਿਵੇਂ ਰੇ ਸ ਨੀ ਸ, ਸ ਰੇ ਨੀ ਸ, ਜਾਂ ਨਿ ਸ ਰੇ ਸ। ਜਿਸ ਸਵਰ ਤੇ ਖਟਕਾ ਦੇਣਾ ਹੁੰਦਾ ਹੈ ਉਸ ਨੂੰ ਕੌਸ਼ਟਕ ਸਵਰ ਤੋਂ ਜਾਂ ਉਸ ਦੇ ਅਗਲੇ-ਪਿਛਲੇ ਸਵਰਾਂ ਤੋਂ ਦਰੁਤ ਗਤੀ ਵਿੱਚ ਗੋਲਾਈ ਬਣਾਦੇ ਹਾਂ ਅਤੇ ਉਸੀ ਸਵਰ ਤੇ ਸਮਾਪਤ ਕਰਦੇ ਹਾਂ ਜਿਸ ਤੋਂ ਕੌਸ਼ਟਕ ਬੰਦ ਕੀਤਾ ਜਾਂਦਾ ਹੈ।

**(iv) ਮੁਰਕੀ:** ਇਹ ਇੱਕ ਪ੍ਰਕਾਰ ਦਾ ਕਣ ਹੈ। ਇਸ ਵਿੱਚ ਤਿੰਨ ਸਵਰਾਂ ਦੇ ਦਰੁਤ ਪ੍ਰਯੋਗ ਰਾਹੀਂ ਅਰਥ ਵ੍ਰਿਤੀ ਬਣਾਉਂਦੇ ਹਨ। ਜਿਵੇਂ ਰੇ ਨੀ ਸ ਜਾਂ ਧ ਮ ਪ ਆਦਿ। ਇਸ ਵਿੱਚ ਲਿਖਣ ਦੇ ਲਈ ਮੂਲ ਸਵਰ ਦੇ ਉਪਰ ਖੱਬੇ ਪਾਸੇ ਦੋ ਸਵਰਾਂ ਦਾ ਕਣ ਲਗਾਇਆ ਜਾਂਦਾ ਹੈ ਜਿਵੇਂ ਧ ਮ$_{\text{ਪ}}$। ਇਨ੍ਹਾਂ ਨੂੰ ਵਜਾਉਣ ਦੇ ਲਈ ਦੋ ਜਾਂ ਤਿੰਨ ਸਵਰਾਂ ਨੂੰ ਇੱਕ ਹੀ ਆਘਾਤ (ਚੋਟ) ਵਿੱਚ ਵਜਾਇਆ ਜਾਂਦਾ ਹੈ। ਗਾਇਨ ਵਿੱਚ ਵੀ ਦੋ ਜਾਂ ਤਿੰਨ ਸਵਰਾਂ ਦਾ ਇੱਕ ਹੀ ਮਾਤਰਾ ਕਾਲ ਵਿੱਚ ਝਟਕੇ ਦੇ ਨਾਲ ਗਾਇਆ ਜਾਂਦਾ ਹੈ ਤਾਂ ਇਹ ਕ੍ਰਿਆ ਮੁਰਕੀ ਕਹਿ ਲਾਉਦੀ ਹੈ। ਇਹ ਬਹੁਤ ਅਭਿਆਸ ਤੋਂ ਬਾਅਦ ਹੋ ਸਕਦੀ ਹੈ। ਠੁਮਰੀ ਦਾਦਰਾ, ਟੱਪਾ ਆਦਿ



Downloaded from https:// www.studiestoday.com

Downloaded from https:// www.studiestoday.com

ਸ਼ੈਲੀਆਂ ਵਿੱਚ ਇਹ ਕ੍ਰਿਆ ਪ੍ਰਯੋਗ ਕੀਤੀ ਜਾਂਦੀ ਹੈ। ਖਿਆਲ ਅਤੇ ਵਾਦਨ ਵਿੱਚ ਇਹ ਕ੍ਰਿਆ ਬਹੁਤ ਸੁੰਦਰ ਲਗਦੀ ਹੈ। ਇਸ ਕ੍ਰਿਆ ਨੂੰ ਸਿਰਫ ਸੁੰਦਰਤਾ ਲਈ ਪ੍ਰਯੋਗ ਕੀਤਾ ਜਾਂਦਾ ਹੈ।

**(v) ਗਮਕ:** ਇਸ ਸ਼ਬਦ ਦਾ ਪ੍ਰਯੋਗ ਪ੍ਰਾਚੀਨ ਕਾਲ ਵਿੱਚ ਹੁੰਦਾ ਸੀ ਅਤੇ ਅਜ ਦੇ ਆਧੁਨਿਕ ਸੰਗੀਤ ਵਿੱਚ ਵੀ ਹੁੰਦਾ ਹੈ। ਪਰੰਤੂ ਗਮਕ ਦੇ ਪ੍ਰਾਚੀਨ ਅਤੇ ਆਧੁਨਿਕ ਅਰਥਾਂ ਵਿੱਚ ਭੇਦ ਹੈ। ਪ੍ਰਾਚੀਨ ਕਾਲ ਵਿੱਚ ਗਮਕ ਦਾ ਅਰਥ ਹੁੰਦਾ ਸੀ ਜਿਸ ਤੋਂ ਸਰੋਤੀਆਂ ਦਾ ਚਿੱਤ ਪ੍ਰਸੰਨ ਹੋਵੇ ਪਰੰਤੂ ਆਧੁਨਿਕ ਕਾਲ ਵਿੱਚ ਗਮਕ ਨੂੰ ਸਵਰਾਂ ਦੀ ਗੰਭੀਰਤਾ ਪੂਰਵਕ ਉਚਾੱਰਣ ਕਰਨ ਨੂੰ ਕਹਿੰਦੇ ਹਨ। ਗਮਕ ਦਾ ਪ੍ਰਯੋਗ ਅੱਜਕਲ ਧਰੁਪਦ ਗਾਇਨ ਅਤੇ ਵਾਦਅ-ਵਾਦਨ ਵਿੱਚ ਹੁੰਦਾ ਹੈ। ਕਦੇ-ਕਦੇ ਕੁਝ ਗਾਇਕ ਖਿਆਲ ਵਿੱਚ ਵੀ ਗਮਕ ਪ੍ਰਯੋਗ ਕਰਦੇ ਸੁਣਾਈ ਦਿੰਦੇ ਹਨ।

ਪ੍ਰਾਚੀਨ ਗ੍ਰੰਥਾਂ ਵਿੱਚ 15 ਪ੍ਰਕਾਰ ਦੇ ਗਮਕ ਦੱਸੇ ਗਏ ਹਨ ਜਿਨ੍ਹਾਂ ਦੇ ਨਾਂ ਹਨ (1) ਕੰਪਿਤ (2) ਅੰਦੋਲਿਤ (3) ਸਫੁਰਿਤ (4) ਤਿਰਿਕਾ (5) ਮੁਦ੍ਰਿਤ (6) ਲੀਨ (7) ਨਾਮਿਤ (8) ਕੁਰੂਲਾ (9) ਮਿਸ਼ਰਿਤ (10) ਹੁੰਫਿਤ (11) ਉਲਾਸਿਤ (12) ਬਲੀ (13) ਪਲਵਿਤ (14) ਆਹਤ (15) ਤ੍ਰਿਭਿੰਨ। ਇਨਾਂ ਵਿਚੋ ਜਿਆਦਾ ਦਾ ਪ੍ਰਯੋਗ ਕਰਨਾਟਕ ਸੰਗੀਤ ਵਿੱਚ ਇਨ੍ਹਾਂ ਨਾਂਮ ਤੋਂ ਹੀ ਹੁੰਦਾ ਹੈ। ਪਰ ਆਧੁਨਿਕ ਹਿੰਦੁਸਤਾਨੀ ਸੰਗੀਤ ਵਿੱਚ ਇਹ ਨਾਂ ਨਹੀਂ ਪ੍ਰਯੋਗ ਹੁੰਦੇ। ਗਮਕ ਦੀਆਂ ਇਨ੍ਹਾਂ ਕਿਸਮਾਂ ਵਿਚੋਂ ਕੁਝ ਦੂਸਰੇ ਨਾਮਾਂ ਨਾਲ ਹਿੰਦੁਸਤਾਨੀ ਸੰਗੀਤ ਵਿੱਚ ਅੱਜਕਲ ਪ੍ਰਯੋਗ ਕੀਤੇ ਜਾਂਦੇ ਹਨ ਜਿਵੇਂ-ਮੀਡ ਕਣ, ਖਟਕਾ ਮੁਰਕੀ, ਜਮਜਮਾ ਆਦਿ।

ਸ਼ਾਰੰਗ ਦੇਵ ਨੇ ਸੰਗੀਤ ਰਤਨਾਕਰ ਵਿੱਚ ਗਮਕ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਹੈ, "ਸਵਰਸਅ ਕੰਪੋ ਗਮਕ" ਸ਼ਰੋਤ੍ਰਚਿਤ ਸੁਖਾਵਹ" ਅਰਥਾਤ ਸਵਰਾਂ ਦੇ ਅਜਿਹੇ ਕੰਪਨ ਨੂੰ ਗਮਕ ਕਹਿੰਦੇ ਹਨ, ਜੋ ਸੁਨਣ ਵਾਲੀਆਂ ਦੇ ਚਿੱਤ ਨੂੰ ਸੁਖਦਾਈ ਹੋਵੇ।

**(vi) ਗਾਇਕ:**

ਸੰਗੀਤ ਵਿੱਚ ਗਾਇਨ ਦੇ ਨਾਲ ਮਨ ਦੀਆਂ ਭਾਵਨਾਵਾਂ ਦਿਖਾਉਣ ਵਾਲੇ ਕਲਾਕਾਰ ਨੂੰ ਗਾਇਕ ਕਿਹਾ ਜਾਂਦਾ ਹੈ। ਗਾਇਕ ਆਪਣੇ ਗੁਰੂ ਦੀ ਸਿਖਿਆ ਵਿੱਚ ਅਪਣੀ ਨਿਪੁਣਤਾ, ਕਠਿਨ ਸਾਧਨਾ, ਅਭਿਆਸ ਅਤੇ ਉਸ ਵਿੱਚ ਹੈਰਾਨੀ ਪੈਦਾ ਕਰਕੇ ਗਾਉਂਦਾ ਹੈ। ਗਾਇਕ ਸਵਰ ਤਾਲ ਅਤੇ ਸ਼ਬਦ ਦੇ ਮੇਲ ਨਾਲ ਰਾਗ ਨੂੰ ਭਿੰਨ-ਭਿੰਨ ਤਰੀਕਿਆਂ ਨਾਲ ਸ਼ਰੋਤਿਆਂ ਲਈ ਪ੍ਰਸਤੁਤ ਕਰਦਾ ਹੈ। ਗਾਇਕ ਨੂੰ ਅਪਣੀ ਪ੍ਰਤੀਭਾ ਦਿਖਾਉਣ ਲਈ ਕ੍ਰਿਆਤਮਕ ਸੰਗੀਤ ਵਿੱਚ ਨਿਪੁਣ ਹੋਣਾ ਜ਼ਰੂਰੀ ਹੈ। ਗਾਇਕ ਸਵਰ ਅਤੇ ਤਾਲ ਦੇ ਚਮਤਕਾਰਾਂ ਰਾਹੀਂ ਰਾਗ ਵਿੱਚ ਸੁੰਦਰਤਾ ਲਿਆ ਕੇ ਜ਼ਿਆਦਾ ਮਨੋਰੰਜਕ ਬਣਾ ਸਕਦਾ ਹੈ। ਗਾਇਕ ਦਾ ਮਹੱਤਵ ਗਾਇਨ ਕਲਾਂ ਵਿੱਚ ਪ੍ਰਸਤੂਤੀਕਰਣ ਪੇਸ਼ ਕਰਨਾ ਵਿੱਚ ਨਿਪੁਣ ਹੋਣਾ ਜ਼ਰੂਰੀ ਹੈ। ਗਾਇਕ ਦਾ ਜਿਨ੍ਹਾਂ ਕ੍ਰਿਆਤਮਕ ਪੱਖ ਪ੍ਰਭਾਵਸ਼ਾਲੀ ਹੋਵੇਗਾ ਉਨ੍ਹਾਂ ਹੀ ਵੱਡਾ ਗਾਇਕ ਮੰਨਿਆ ਜਾਵੇਗਾ। ਇਸ ਲਈ ਗਾਇਕ ਲਈ ਕ੍ਰਿਆਤਮਕ ਭਾਗ ਦਾ ਅਭਿਆਸ ਕਰਨਾ ਜ਼ਰੂਰੀ ਹੈ।



Downloaded from https:// www.studiestoday.com

Downloaded from https:// www.studiestoday.com

**(vii) ਗਾਇਕੀ:**

ਗੁਰੂ ਪਰਮਪਰਾ ਤੋਂ ਪ੍ਰਾਪਤ ਗਿਆਨ ਨੂੰ ਅਪਣੀ ਯੋਗਤਾ ਅਤੇ ਅਭਿਆਸ ਅਨੁਸਾਰ ਸਜਾ ਕੇ ਅਪਣੀ ਸਵਤੰਤਰ ਗਾਇਨ ਸ਼ੈਲੀ ਦਾ ਨਿਰਮਾਣ ਕਰਨਾ, ਗਾਇਕੀ ਕਹਿਲਾਉਂਦਾ ਹੈ ਜਾਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਨਾਇਕੀ ਨੂੰ ਭਿੰਨ-ਭਿੰਨ ਲੈਅਕਾਇਆਂ, ਅਲੰਕਾਰ, ਅਲਾਪ, ਤਾਨ, ਬੋਲਤਾਨ ਆਦਿ ਅਲੰਕ੍ਰਿਤ ਕਰਕੇ ਪ੍ਰਸਤੁਤ (ਪੇਸ਼) ਕਰਨ ਨੂੰ ਗਾਇਕੀ ਕਹਿੰਦੇ ਹਨ ਅਜਿਹੀ ਸਿਖਿਆ ਕਿਸੀ ਉੱਤਮ ਸੰਗੀਤ ਗੁਰੂ ਤੋਂ ਹੀ ਪ੍ਰਾਪਤ ਹੋ ਸਕਦੀ ਹੈ। ਗਾਇਕੀ ਵਿੱਚ ਕਿਸੀ ਵੀ ਘਰਾਣੇ ਜਾਂ ਪਰਮਪਰਾਗਤ ਚੀਜ਼ਾਂ ਨੂੰ ਅਪਣੀ ਯੋਗਤਾ ਅਨੁਸਾਰ ਸਵਾਰਿਆਂ ਜਾਂਦਾ ਹੈ।

**(viii) ਸ਼ੁਧ ਰਾਗ:**

ਜਿਹਨਾਂ ਰਾਗਾਂ ਵਿੱਚ ਸ਼ਾਸਤਰ ਦੇ ਨਿਯਮਾਂ ਦਾ ਪ੍ਰਯੋਗ ਸੁੱਧ ਰੂਪ ਨਾਲ ਹੁੰਦਾ ਹੈ ਉਸ ਨੂੰ ਸ਼ੁੱਧ ਰਾਗ ਕਹਿੰਦੇ ਹਨ। ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਸ਼ਾਸਤਰੀ ਨਿਯਮਾਂ ਨਾਲ ਗਾਏ ਜਾਣ ਤੇ ਜੋ ਰਜੰਕ ਹੋਣ ਅਤੇ ਜਿਹੜੇ ਬਾਕੀ ਰਾਗਾਂ ਤੋਂ ਸਵਤੰਤਰ ਹੁੰਦੇ ਹਨ ਅਰਥਾਤ ਜਿਨ੍ਹਾਂ ਰਾਗਾਂ ਵਿੱਚ ਦੂਜੇ ਰਾਗ ਦੀ ਛਾਇਆ ਨਹੀਂ ਹੁੰਦੀ, ਉਹ ਸ਼ੁੱਧ ਰਾਗ ਹੁੰਦੇ ਹਨ।

ਸ਼ੁਧ ਰਾਗ ਦੇ ਗਾਇਨ ਵਜਾਉਣ ਵਿੱਚ ਕਿਸੇ ਦੂਜੇ ਰਾਗ ਦੀ ਮੱਦਦ ਦੀ ਜ਼ਰੂਰਤ ਨਹੀਂ ਹੁੰਦੀ, ਉਸ ਦਾ ਪੂਰਣ ਰੂਪ ਖੁਦ ਹੀ ਉਸੇ ਰਾਗ ਦੇ ਸਵਰਾਂ ਵਿੱਚ ਪਰਦਰਸ਼ਿਤ ਹੁੰਦਾ ਹੈ। ਆਧੁਨਿਕ ਕਾਲ ਵਿੱਚ ਦੱਸ ਆਸ਼ਰਿਆ ਰਾਗ ਹੀ ਸ਼ੁਧ ਰਾਗ ਕਹਿਲਾਉਂਦੇ ਹਨ।

**(ix) ਛਾਇਆ ਲਗ**

ਜਦੋਂ ਕੋਈ ਰਾਗ ਦੋ ਰਾਗਾਂ ਦੇ ਮੇਲ ਤੋਂ ਬਣਦਾ ਹੈ ਜਾਂ ਜਿਨਾਂ ਰਾਗਾਂ ਦੇ ਗਾਇਨ-ਵਾਦਨ ਵਿੱਚ ਦੂਜੇ ਰਾਗਾਂ ਦੀ ਛਾਇਆ ਆਵੇ, ਛਾਇਆ ਲਗ ਰਾਗ ਕਹਿਲਾਉਂਦੇ ਹਨ। ਪ੍ਰਾਚੀਨ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਛਾਇਆ ਲਗ ਰਾਗ ਦੂਜੇ ਰਾਗ ਦੀ ਛਾਇਆ ਆਉਣ ਤੋਂ ਹੀ ਰੰਜਕ ਲਗਦੇ ਹਨ। ਰਾਗ ਦਰਪਣ ਵਿੱਚ ਛਾਇਆ ਲਗ ਰਾਗਾ ਨੂੰ ਸਾਲੰਗ ਰਾਗ ਕਿਹਾ ਗਿਆ ਹੈ। ਕੁਝ ਛਾਇਆ ਲਗ ਰਾਗਾਂ ਦੇ ਨਾਂ ਇਸ ਤਰ੍ਹਾਂ ਹਨ :- ਦਸ ਅਹੀਰ-ਭੈਰਵ, ਤਿਲਕਕਾਮੋਦ ਆਦਿ।

**(x) ਸੰਕੀਰਣ ਰਾਗ:**

ਸੰਕੀਰਣ ਰਾਗ ਸ਼ੁੱਧ ਅਤੇ ਛਾਇਆ ਲਗ ਰਾਗਾ ਦੇ ਮਿਸ਼ਰਣ ਤੋਂ ਬਣਦੇ ਹਨ। ਜਿਨਾਂ ਰਾਗਾਂ ਵਿੱਚ ਦੋ ਜਾਂ ਦੋ ਤੋਂ ਜ਼ਿਆਦਾ ਅਰਥਾਤ ਸ਼ੁਧ ਅਤੇ ਛਾਇਆ ਲਗ ਰਾਗਾਂ ਦਾ ਮਿਸ਼ਰਣ ਹੋਵੇ ਉਹ ਸੰਕੀਰਣ ਰਾਗ ਕਹਿਲਾਉਂਦੇ ਹਨ। ਸੰਕੀਰਣ ਰਾਗਾਂ ਵਿੱਚ ਬਾਕੀ ਰਾਗਾਂ ਦਾ ਮਿਸ਼ਰਣ ਸਿਰਫ ਮਧੁਰਤਾ ਵਧਾਉਣ ਲਈ ਦਿਤਾ ਜਾਂਦਾ ਹੈ। ਭੈਰਵੀ ਝਿੰਝੋਟੀ ਆਦਿ ਸੰਕੀਰਣ ਰਾਗ ਹਨ। ਜਿਨਾਂ ਰਾਗਾਂ ਵਿੱਚ ਠੁਮਰੀ ਗਾਈ ਵਜਾਈ ਜਾਂਦੀ ਹੈ ਉਹ ਸੰਕੀਰਣ ਰਾਗ ਹੁੰਦੇ ਹਨ। ਜਨ-ਮਨੋਰੰਜਨ ਦੇ ਉਦੇਸ਼ ਲਈ ਹੀ ਸੰਕੀਰਣ ਰਾਗ ਬਣੇ ਹਨ। ਇਨ੍ਹਾਂ ਵਿੱਚ ਭਿੰਨ-ਭਿੰਨ ਰਸਾਂ ਦੀ ਉਤਪਤੀ ਕਰਨਾ ਆਸਾਨ ਹੁੰਦਾ ਹੈ। ਠੁਮਰੀ ਗਾਇਨ ਵਿੱਚ



Downloaded from https:// www.studiestoday.com

Downloaded from https:// www.studiestoday.com

ਗਾਇਕ ਭਿੰਨ-ਭਿੰਨ ਭਾਵਾਂ ਨੂੰ ਪੈਦਾ ਕਰਕੇ ਭਿੰਨ-ਭਿੰਨ ਰਸਾਂ ਨੂੰ ਦਿਖਾਦਾਂ ਹੈ।ਅੱਜ ਕਲ ਰਾਗਾਂ ਨੂੰ ਸ਼ੁਧ , ਛਾਇਆ ਲਗ, ਸੰਕੀਰਣ ਰਾਗ ਦੀ ਸ਼੍ਰੇਣੀ ਵਿੱਚ ਤਾਂ ਲੈ ਆਉਂਦੇ ਹਨ ਪਰ ਇਹ ਰਾਗ ਵਰਗੀਕਰਣ ਦੀ ਪ੍ਰਥਾ ਪ੍ਰਚਲਿਤ ਨਹੀਂ ਹੈ।

**(xi) ਲਕਸ਼ਣ ਗੀਤ:**

ਜਿਸ ਗੀਤ ਵਿੱਚ ਅਪਣੇ ਰਾਗ ਦਾ ਪੂਰਾ ਲਕਸ਼ਣ ਹੋਵੇ ਜਿਵੇਂ ਵਾਦੀ, ਸਮਵਾਦੀ, ਗਾਉਣ ਦਾ ਸਮਾਂ, ਰਾਗ ਦੀ ਜਾਤੀ, ਵਰਜਿਤ ਸਵਰ ਆਦਿ ਦਾ ਵਰਣਨ ਹੋਵੇ ਉਸ ਨੂੰ ਲਕਸ਼ਣ ਗੀਤ ਕਹਿੰਦੇ ਹਨ। ਅਰਥਾਤ ਜਦੋਂ ਕੋਈ ਗੀਤ ਰਾਗ ਦੇ ਲਕਸ਼ਣਾਂ ਦਾ ਸਪਸ਼ਟ ਵਰਣਨ ਕਰੇ ਉਸ ਨੂੰ ਲਕਸ਼ਣ ਗੀਤ ਕਹਿੰਦੇ ਹਨ। ਇਸ ਗੀਤ ਦੀ ਕਿਸਮ ਨੂੰ ਖਿਆਲ ਆਦਿ ਦੀ ਤਰ੍ਹਾਂ ਮਹਤੱਵ ਨਹੀਂ ਦਿੱਤਾ ਜਾਂਦਾ। ਇਹ ਸਿਰਫ ਰਾਗ ਦੇ ਲਕਸ਼ਣਾਂ ਦੇ ਲਈ ਬਣਾਏ ਗਏ ਹਨ ਤਾਂ ਜੋ ਆਰੰਭਿਕ ਸੰਗੀਤ ਵਿਦਿਆਰਥੀਆਂ ਨੂੰ ਗੀਤ ਦੇ ਸਹਾਰੇ ਰਾਗ ਦਾ ਪੂਰਾ ਪਰੀਚੈ ਯਾਦ ਹੋ ਜਾਵੇ। ਲਕਸ਼ਣ ਗੀਤ ਦੇ ਦੋ ਭਾਗ ਹੁੰਦੇ ਹਨ। ਸਥਾਈ ਅਤੇ ਔਤਰਾਂ।ਇਸ ਦੀ ਗਾਇਨ ਸ਼ੈਲੀ ਖ਼ਿਆਲ ਦੀ ਤਰ੍ਹਾਂ ਹੁੰਦੀ ਹੈ।ਇਹ ਜ਼ਿਆਦਾਤਰ ਉਨ੍ਹਾਂ ਤਾਲਾਂ ਵਿੱਚ ਹੀ ਹੁੰਦੇ ਹਨ ਜਿਨ੍ਹਾਂ ਵਿੱਚ ਛੋਟੇ-ਖਿਆਲ ਗਾਏ ਜਾਂਦੇ ਹਨ। ਇਨਹਾਂ ਨੂੰ ਸੰਗੀਤ ਸਭਾਵਾਂ ਅਤੇ ਮਹਿਫਿਲਾਂ ਵਿੱਚ ਨਹੀਂ ਗਾਇਆ ਜਾਂਦਾ।ਸਿਰਫ ਰਾਗਾਂ ਦੀ ਜਾਣਕਾਰੀ ਦੇਣ ਲਈ ਹੁੰਦੇ ਹਨ।ਪੰਡਿਤ ਭਾਤ ਖੰਡੇ ਜੀ ਨੇ ਅਨੇਕਾਂ ਲਕਸ਼ਣ ਗੀਤਾਂ ਦੀ ਰਚਨਾ ਕੀਤੀ ਜਿਵੇਂ ਰਾਗ ਕਾਫੀ ਦਾ ਲਕਸ਼ਣ ਗੀਤ ਇਸ ਪ੍ਰਕਾਰ ਹੈ

ਗਾਵਤ ਗੁਣੀ ਕਾਫੀ ਰਾਗ
ਸਮਪੂਰਣ ਅਤੀ ਹੀ ਮਧੁਰ
ਕਹੂੰ ਨਿਸ਼ਾਦ ਕੋਮਲ ਦਰੇ
ਕੰਹੁ ਨਿਸ਼ਾਦ ਹੀ ਬਰ ਲਾਗ
ਪੰਚਮ ਵਾਦੀ ਬਲਾਏ, ਸਮਵਾਦੀ ਸ ਵਿਧਾਏ
ਗਤ ਸਮੈ ਦੂਜੇ ਪਹਿਰ, ਨੀ ਕੋਮਲ ਸ ਬਨ ਜਾਏ

ਇਸ ਲਕਸ਼ਣ ਤੋਂ ਕਾਫੀ ਰਾਗ ਦਾ ਪਤਾ ਚਲਦਾ ਹੈ।ਇਹ ਸਮਪੂਰਣ ਜਾਤੀ ਦਾ ਰਾਗ ਹੈ।ਇਸ ਵਿੱਚ ਗ ਅਤੇ ਨੀ ਕੋਮਲ ਲਗਦੇ ਹਨ ਅਤੇ ਰਾਤ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ 'ਪ' ਵਾਦੀ ਸਮਵਾਦੀ 'ਸ' ਹੈ ਅਤੇ ਇਸ ਦੀ ਜਾਤੀ ਸਮਪੂਰਣ ਹੈ।

ਦੂਜਾ ਲਕਸ਼ਣਗੀਤ-ਕਾਫੀ ਰਾਗ
ਕਾਫੀ ਦੋਨੋ ਰਾਗ ਥਾਟ, ਗ ਨੀ ਕੋਮਲ ਸਭ ਸ਼ੁਧ
ਪ ਵਾਦੀ ਸਮਵਾਦੀ ਸ਼ੜਜ, ਸਪੱਤ ਸਵਰੋ ਸੇ ਯੁਕਤ



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ:**

1. ਗਾਣ/ਵਜਾਣ ਦੀ ਕਿਰਿਆ ਨੂੰ ਕੀ ਕਹਿੰਦੇ ਹਨ ?
2. ਜਿਹੜੇ ਰਾਗ ਵਿੱਚ ਕਿਸੇ ਹੋਰ ਰਾਗ ਦੀ ਛਾਇਆ ਨਾ ਪਵੇ ਉਹ ਕਿਹੜੇ ਰਾਗ ਹਨ ?
3. ਗਮਕ ਕਿਸ ਨੂੰ ਕਹਿੰਦੇ ਹਨ ?
4. ਗਾਇਕ ਕਿਸ ਨੂੰ ਕਹਿੰਦੇ ਹਨ ?
5. ਗਾਇਕੀ ਤੋਂ ਕੀ ਭਾਵ ਹੈ ?
6. ਸੰਕੀਰਣ ਰਾਗ ਤੋਂ ਕੀ ਭਾਵ ਹੈ ?
7. ਜਿਸ ਰਾਗ ਵਿੱਚ ਦੂਸਰੇ ਰਾਗ ਦੀ ਛਾਇਆ ਪਵੇ ਉਹ ਕਿਹੜੇ ਰਾਗ ਹਨ ?

**ਅਧਿਆਪਕ ਲਈ**

ਪਰਿਭਾਸ਼ਾਵਾਂ ਦੇ ਫਲੈਪ ਕਾਰਡ ਬਣਵਾਏ ਜਾਣ



Downloaded from https:// www.studiestoday.com

Downloaded from https:// www.studiestoday.com

# ਗਾਇਕ ਦੇ ਗੁਣ ਤੇ ਦੋਸ

ਪਾਠ 5

ਵਿਧੀ ਦਾ ਵਿਧਾਨ ਹਰ ਜਗਾ ਗੁਣਾ ਤੇ ਦੋਸ਼ਾ ਦਾ ਸਾਂਝਾ ਸੁਮੇਲ ਹੈ।ਸੰਗੀਤ ਇਕ ਐਸੀ ਕਲਾਂ ਹੈ ਜਿਸ ਦਾ ਸਿਧਾ ਸਬੰਧ ਸਰੋਤੀਆਂ ਦੇ ਨਾਲ ਹੈ।ਜਦੋਂ ਕੋਈ ਗਾਇਕ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਾ ਹੈ ਤਾਂ ਉਸ ਦੀ ਵਾਹਵਾਈ ਦਾ ਸਿਹਰਾ ਸ਼ਰੋਤਾਵਾਂ ਨੂੰ ਹੀ ਜਾਂਦਾ ਹੈ।ਸੰਗੀਤ ਦਾ ਮੁੱਖ ਉਦੇਸ਼ ਹੈ ਸ਼ਰੋਤਾਵਾਂ ਦੇ ਮੰਨ ਨੂੰ ਖੁਸ਼ ਕਰਨਾ ਇਹ ਸਾਰਾ ਕੁੱਝ ਤਦ ਹੀ ਮਿਲ ਸਕਦਾ ਹੈ ਜੇਕਰ ਗਾਇਕ ਵਿੱਚ ਗੁਣ ਜਿਆਦਾ ਹੋਣੇ ਚਾਹੀਦੇ ਤਾਂ ਜੋ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਗੁਣਾ ਰਹਿ ਕਰ ਸਕਦੇ ਇਕ ਚੰਗੇ ਗਾਇਕ ਵਿੱਚ ਹੇਠ ਲਿਖੇ ਗੁਣ ਹੋਣੇ ਜ਼ਰੂਰੀ ਹਨ।

## ਗਾਇਕ ਦੇ ਗੁਣ

1. **ਤਾਲ ਤੇ ਲੈਅ ਦਾ ਗਿਆਨ:** ਇਕ ਚੰਗੇ ਗਾਇਕ ਨੂੰ ਐਨਾ ਅਭਿਆਸ ਕਰਨਾ ਚਾਹੀਦਾ ਹੈ ਕਿ ਉਚ ਤਾਲ ਤੇ ਲੈਅ ਰਹਿ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਚੰਗੀ ਤਰ੍ਹਾਂ ਕਰ ਸਕੇ।

2. **ਭਿੰਨ-ਭਿੰਨ ਗਾਇਕੀ ਵਿੱਚ ਗਾਣਾ:** ਜੋ ਗਾਇਕ ਭਿੰਨ-ਭਿੰਨ ਗਾਇਕੀ ਜਿਵੇਂ ਧਰੁਪਦਾ, ਧਮਾਰ, ਤਰਾਨਾ, ਟੱਪਾ ਆਦਿ ਗਾਇਣ ਸ਼ੋਧੀਆ ਨੂੰ ਚੰਗੀ ਤਰ੍ਹਾਂ ਗਾ ਸਕੇ।

3. **ਸੁਰੀਲਾ ਕੰਠ:** ਇਹ ਗੁਣ ਚੰਗੇ ਗਾਇਕ ਵਿੱਚ ਤਾਂ ਹੀ ਆ ਸਕਦੇ ਹਨ।ਜੇਕਰ ਉਹ ਹਰ ਰੋਜ ਅਭਿਆਸ ਕਰੇ, ਜਿਸ ਨਾਲ ਕੰਠ ਖੁਲ ਜਾਵੇ ਤੇ ਉਸ ਦੀ ਅਵਾਜ ਵਿੱਚ ਸੁਰੀਲਾਪਨ ਆ ਸਕੇ।

4. **ਪ੍ਰਯੋਗੀ ਲੈਅ:** ਜੋ ਆਪਣੇ ਗਾਇਣ ਤੋਂ ਸੁਨਣ ਵਾਲਿਆਂ ਦਾ ਦਿਲ ਜਿੱਤਣ ਵਿੱਚ ਮਾਹਿਰ ਹੋਵੇ, ਰਾਗ ਤੇ ਰਸ ਦਾ ਧਿਆਨ ਰੱਖੇ

5. **ਇਕਾਗਰ ਚਿੱਤ ਹੋ ਕੇ ਕਲਾ ਦਾ ਪ੍ਰਦਰਸ਼ਨ ਕਰਨਾ:** ਇਕ ਗਾਇਕ ਦਾ ਇਹ ਬਹੁਤ ਮਹੱਤਵਪੂਰਨ ਗੁਣ ਹੈ, ਕਿਉਂਕਿ ਗਾਇਕੀ ਪ੍ਰਦਰਸ਼ਨ ਦੇ ਸਮੇਂ ਗਾਇਕ ਦੇ ਰਾਗ ਸਵਰੂਪ, ਰਾਗਕਾਰੀ, ਤਾਲ ਦਾ ਧਿਆਨ, ਸ਼ਰੋਤਾਵਾਂ ਤੇ ਪੈਂਦੇ ਪ੍ਰਭਾਵ ਦੇਖਕੇ ਚਲੇ।

6. **ਸਾਧਨਾ ਕਰਨ ਵਾਲਾ:** ਇਕ ਚੰਗੇ ਗਾਇਕ ਵਿੱਚ ਹਰ ਰੋਜ ਸਾਧਨਾ ਕਰਨ ਦੇ ਗੁਣ ਹੋਣੇ ਚਾਹੀਦੇ ਹਨ। ਜਿਸ ਨਾਲ ਉਹ ਰਾਸ ਵਿਸਤਾਰ ਵਿੱਚ ਤਾਲ, ਅਲਾਪ, ਅਲੰਕਾਰ, ਬੋਲ ਤਾਲ ਦਾ ਅਭਿਆਸ ਚੰਗਾ ਪੇਸ਼ ਕਰੇ।

7. **ਸ਼ਬਦਾ ਦਾ ਸ਼ੁਧ ਉਚਾਰਨ:** ਜਿਸ ਗਾਇਕ ਨੂੰ ਗਾਇਕੀ ਦੇ ਨਾਲ ਸ਼ੁਧ ਭਾਸ਼ਾ ਤੇ ਸਾਹਿਤ ਦਾ ਗਿਆਨ ਹੋਵੇ ਤੇ ਜੋ ਗਾ ਰਿਹਾ ਹੈ ਉਸ ਦਾ ਸ਼ੁਧ ਉਚਾਰਨ ਕਰ ਸਕੇ।

8. **ਸੰਗੀਤ ਸ਼ਾਸਤਰਕਾਰਾਂ ਦੀ ਜਾਣਕਾਰੀ:** ਜੋ ਆਪਣੀ ਕਲਾਂ ਦੇ ਨਾਲ ਸਬੰਧਿਤ ਸੰਗੀਤ ਸ਼ਾਸਤਰਕਾਰਾਂ



Downloaded from https:// www.studiestoday.com

Downloaded from https:// www.studiestoday.com

ਦੀ ਅਤੇ ਸੰਗੀਤ ਦੇ ਮਹਾਨ ਕਲਾਕਾਰਾਂ ਦੇ ਕੰਮਾਂ ਯੋਗਦਾਨ ਦੀ ਅਤੇ ਉਹਨਾਂ ਦੇ ਬਾਰੇ ਪੂਰੀ ਜਾਣਕਾਰੀ ਰਖਦਾ ਹੋਵੇ।

**9. ਕਲਾ ਦਾ ਪ੍ਰਦਰਸ਼ਨ:** ਇਕ ਕੁਸ਼ਲ ਗਾਇਕ ਆਪਣੀ ਕਲਾ ਦਾ ਪ੍ਰਦਰਸ਼ਨ ਤਿੰਨੋ ਸਪਤਕ ਭਾਵ ਮੰਦਰ, ਮੱਧ, ਤਾਰ ਵਿੱਚ ਕੁਸ਼ਲਤਾਪੂਰਵਕ ਗਾਇਨ ਕਰ ਸਕੇ।

**10. ਵਿਧੀ ਅਨੁਸਾਰ ਸਿੱਖਿਆ:** ਜਿਸ ਨੇ ਵਿਧੀ ਅਨੁਸਾਰ ਕਿਸੇ ਗੁਰੂ ਕੋਲੋਂ ਸਿਖਿਆ ਲਈ ਹੋਵੇ ਅਤੇ ਉਹਨਾਂ ਦੇ ਨਿਯਮਾਂ ਅਨੁਸਾਰ ਹੀ ਕਲਾ ਦਾ ਪ੍ਰਦਰਸ਼ਨ ਕਰਨ ਵਿੱਚ ਮਾਹਿਰ ਹੋਵੇ।

**11. ਸ਼ਰੋਤਾਵਾਂ ਦੇ ਮੰਨ ਨੂੰ ਜਿੱਤਣ ਵਾਲਾ:** ਇਕ ਚੰਗੇ ਗਾਇਕ ਨੂੰ ਸਮਾ, ਸਥਾਨ ਅਤੇ ਸ਼ਰੋਤੀਆਂ ਨੂੰ ਮੁੱਖ ਰੱਖਦੇ ਕਲਾ ਦਾ ਪ੍ਰਦਰਸ਼ਨ ਕਰਨ ਵਿੱਚ ਮਾਹਿਰ ਹੋਵੇ ਤਾ ਹੀ ਉਹ ਸ਼ਰੋਤਾਵਾਂ ਤੋਂ ਵਾਹ ਵਾਹੀ ਖੱਟ ਸਕਦਾ ਹੈ।

**ਗਾਇਕ ਦੇ ਦੋਸ਼**

ਜਿਸ ਗਾਇਕ ਵਿੱਚ ਉਪਰ ਲਿਖੇ ਗੁਣ ਨਾ ਹੋਣ ਉਹ ਉਸਦੇ ਦੋਸ਼ ਮੰਨੇ ਜਾਂਦੇ ਹਨ।

1. ਦੰਦ ਪੀਸ ਕੇ ਗਾਣਾ।
2. ਗਾਇਕੀ ਵਿੱਚ ਨਿਰਸਤਾ ਹੋਣੀ।
3. ਡਰਦੇ-ਡਰਦੇ ਗਾਣਾ।
4. ਮੂੰਹ ਫਾੜਕੇ ਜਾ ਕੰਬਦੇ ਹੋਏ ਕਲਾ ਦਾ ਪ੍ਰਦਰਸ਼ਨ ਕਰਨਾ।
5. ਸਵਰਾਂ ਦਾ ਠੀਕ ਜਗ੍ਹਾ ਤੇ ਨਾ ਲਗਨਾ, ਬੇਸੁਰਾ ਹੋ ਜਾਣਾ।
6. ਲੈਅ ਤੇ ਤਾਲ ਦਾ ਗਿਆਨ ਨਾ ਹੋਣਾ, ਬੇਤਾਲਾ ਹੋ ਜਾਣਾ।
7. ਗਲੇ ਦੀਆਂ ਨਸਾਂ ਫੁਲਾਕੇ, ਜਾ ਨੱਕ ਵਿੱਚ ਗਾਣਾ।
8. ਗਾਂਦੇ ਸਮੇਂ ਵਰਜਿਤ ਸਵਰਾਂ ਦਾ ਪ੍ਰਯੋਗ ਕਰਨਾ।
9. ਸ਼ੁਧ ਉਚਾਰਨ ਦੀ ਕਮੀ ਹੋਣੀ।
10. ਰਾਗਾਂ ਦੀ ਪੂਰੀ ਜਾਣਕਾਰੀ ਨਾ ਹੋਣੀ, ਅਭਿਆਸ ਦੀ ਕਮੀ ਹੋਣੀ।

## ਪਾਠ-ਅਭਿਆਸ

### ਵਸਤੂ ਨਿਸ਼ਠ ਪ੍ਰਸ਼ਨ

1. ਗਾਇਕ ਦੇ ਕੋਈ ਦੋ ਗੁਣ ਲਿਖੋ।
2. ਚੰਗੇ ਗਾਇਕ ਨੂੰ ਕਿਸ ਤੋਂ ਸਿਖਿਆ ਲੈਣੀ ਚਾਹੀਦੀ ਹੈ।
3. ਗਾਇਕ ਦੇ ਕੋਈ ਦੋ ਦੋਸ਼ ਲਿਖੋ।



Downloaded from https:// www.studiestoday.com

Downloaded from https:// www.studiestoday.com

4. ਜਦੋਂ ਕੋਈ ਗਾਇਕ ਬੇਤਾਲਾ ਹੋ ਕੇ ਕਲਾ ਦਾ ਪ੍ਰਦਰਸ਼ਨ ਕਰੇ ਤਾਂ ਉਹ ਗਾਇਕ ਦਾ ਗੁਣ ਹੋਵੇਗਾ ਜਾਂ ਦੋਸ਼।
5. ਸੁਰੀਲਾ ਕੰਠ ਗਾਇਕ ਦਾ ਗੁਣ ਹੈ ਜਾਂ ਦੋਸ਼

**ਅਧਿਆਪਕ ਦੇ ਲਈ**

ਵਿਦਿਆਰਥੀਆਂ ਨੂੰ ਸੰਗੀਤ ਸਿਖਾਉਣ ਤੋਂ ਪਹਿਲਾਂ ਉਹਨਾਂ ਵਿੱਚ ਗੁਣ ਜ਼ਿਆਦਾ ਪਾਣੇ ਚਾਹੀਦੇ ਹਨ ਤਾਂ ਕੀ ਉਹ ਦੋਸ਼ਾਂ ਤੋਂ ਬਚੇ ਰਹਿਣ ਤੇ ਚੰਗੇ ਗਾਇਕ ਬਣਨ।



Downloaded from https:// www.studiestoday.com

Downloaded from https:// www.studiestoday.com

# ਥਾਟ :- ਪਰਿਭਾਸ਼ਾ, ਨਿਯਮ, ਭਾਤਖੰਡੇ ਜੀ ਦੇ ਦਸ ਥਾਟ ਰਾਗ ਅਤੇ ਥਾਟ ਦੇ ਨਿਯਮਾਂ ਦੀ ਤੁਲਨਾਤਮਕ ਅਧਿਐਨ

## ਪਾਠ 6



### ਥਾਟ ਦੀ ਪਰਿਭਾਸ਼ਾ

ਨਾਦ ਤੋਂ ਸ਼ਰੁਤੀ ਤੋਂ ਸਵਰ ਅਤੇ ਸਵਰ ਤੋਂ ਸਪਤਕ ਬਣਦਾ ਹੈ। ਸੰਗੀਤ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ 7 ਸ਼ੁਧ ਸਵਰ, 4 ਕੌਮਲ ਅਤੇ 1 ਵਿਕਰਿਤ ਕੁਲ 12 ਵਿਕਰਿਤ ਸਵਰਾਂ ਤੋਂ ਭਿੰਨ-ਭਿੰਨ ਰਾਗਾਂ ਦੀ ਉਤਪਤੀ ਹੁੰਦੀ ਹੈ। ਜਿਸ ਸਵਰ ਸਮੂੰਹ ਵਿੱਚ ਰਾਗ ਉਤਪਨ ਕਰਨ ਦੀ ਸ਼ਕਤੀ ਹੋਵੇ ਉਸ ਨੂੰ ਥਾਟ ਕਹਿੰਦੇ ਹਨ, ਥਾਟ ਨੂੰ ਮੇਲ ਵੀ ਕਿਹਾ ਜਾਂਦਾ ਹੈ। ਪੰਡਿਤ ਵਿਅਕੇਟ ਮੁੱਖੀ ਜੀ ਨੇ ਸੰਗੀਤ ਪਧਤੀ ਵਿੱਚ 72 ਥਾਟਾਂ ਦੀ ਉਤਪਤੀ ਕੀਤੀ ਪ੍ਰੰਤੂ ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਨੇ 72 ਥਾਟਾਂ ਵਿੱਚੋਂ 10 ਥਾਟ ਨੂੰ ਚੁਣਿਆ ਅਤੇ ਇਹਨਾਂ ਦੇ ਅੰਤਰਗਤ ਹੀ ਸਾਰੇ ਰਾਗਾਂ ਦਾ ਵਰਗੀਕਰਨ ਕੀਤਾ।

### ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੇ ਦਸ ਥਾਟ

ਭਾਰਤੀ ਸੰਗੀਤ ਪਧਤੀ ਵਿੱਚ ਪੰਡਿਤ ਵਿਅੰਕਟਮੁਖੀ ਨੇ ਗਣਿਤ ਅਨੁਸਾਰ 72 ਥਾਟਾਂ ਵਿੱਚ 10 ਥਾਟ ਚੁਣਕੇ ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਨੇ ਭਾਰਤੀ ਸੰਗੀਤ ਪਧਤੀ ਦੇ ਰਾਗ ਦਾ ਵਰਗੀਕਰਨ ਕੀਤਾ। ਚਾਹੇ ਸਾਰੇ ਰਾਗ ਇਹਨਾ ਦਸ ਥਾਟਾਂ ਵਿੱਚ ਨਹੀਂ ਆਉਂਦੇ ਤਾਂ ਵੀ ਰਾਗ ਦੇ ਚਲਨ, ਪ੍ਰਕਿਤੀ, ਅੰਗ ਨੂੰ ਦੇਖਦੇ ਹੋਏ ਇਹਨਾਂ ਨੂੰ 10 ਥਾਟਾਂ ਵਿੱਚ ਰੱਖ ਦਿੱਤਾ। ਭਾਰਤੀ ਸੰਗੀਤ ਪਧਤੀ ਵਿੱਚ ਪ੍ਰਚਲਿਤ 10 ਥਾਟ ਹੇਠ ਲਿਖੇ ਅਨੁਸਾਰ ਹੈ।

1. **ਥਾਟ ਬਿਲਾਵਲ** : ਇਸ ਥਾਟ ਵਿੱਚ ਸਾਰੇ ਸਵਰ ਸ਼ੁਧ ਲਗਦੇ ਹਨ ਜਿਵੇਂ ਸ ਰੇ ਗ ਮ ਪ ਧ ਨੀ ਭਾਰਤੀ ਸੰਗੀਤ ਵਿੱਚ ਇਸ ਥਾਟ ਨੂੰ ਸ਼ੁਧ ਸਵਰ ਸਪਤਕ ਵੀ ਮੰਨਦੇ ਹਨ ? ਇਸ ਦੇ ਪ੍ਰਸਿੱਧ ਰਾਗ ਹਨ ਬਿਲਾਵਲ, ਬਿਹਾਗ, ਦੇਸ਼ਕਾਰ,

2. **ਥਾਟ ਕਲਿਆਣ** : ਇਸ ਥਾਟ ਵਿੱਚ ਤੀਵਰ ਮੰ ਦਾ ਪ੍ਰਯੋਗ ਕੀਤਾ ਜਾਂਦਾ ਹੈ ਬਾਕੀ ਸਵਰ ਸ਼ੁਧ ਲਗਦੇ ਹਨ ਜਿਵੇਂ :- ਸ ਰੇ ਗ ਮੰ ਪ ਧ ਨੀ ਯਮਨ ਕਲਿਆਣ ਅਤੇ ਕਲਿਆਣ ਇਸ ਥਾਟ ਦੇ ਪ੍ਰਸਿਧ ਰਾਗ ਹਨ। ਇਸ ਤੋਂ ਇਲਾਵਾ ਭੁਪਾਲੀ, ਗੌਡਸਾਰੰਗ ਇਸ ਥਾਟ ਦੇ ਰਾਗ ਹਨ।

3. **ਥਾਟ ਖਮਾਜ਼** : ਇਸ ਥਾਟ ਦਾ ਨਾਮਕਰਨ ਇਸ ਤੋਂ ਉਤਪੰਨ ਰਾਗ ਖਮਾਜ਼ ਤੋਂ ਹੋਇਆ। ਜੋ ਇਸ ਦਾ ਪ੍ਰਸਿਧ ਪ੍ਰਚਲਿਤ ਰਾਗ ਹੈ। ਖਮਾਜ ਥਾਟ ਵਿੱਚ ਨੀ ਕੋਮਲ ਬਾਣੀ ਦੇ ਸਵਰ ਸ਼ੁਧ ਲਗਦੇ ਹਨ, ਜਿਵੇਂ ਸ ਰੇ ਗ ਮ ਪ ਧ ਨੀ ਰਾਗ ਦੇਸ, ਤਿਲਕ ਕਮੋਦ, ਖਮਾਜ ਥਾਟ ਜਨਏ ਰਾਗ ਹਨ ?



Downloaded from https:// www.studiestoday.com

Downloaded from https:// www.studiestoday.com

4. **ਥਾਟ ਕਾਫੀ** : ਕਾਫੀ ਥਾਟ ਵਿੱਚ ਗ ਨੀ ਸਵਰ ਕੋਮਲ ਅਤੇ ਬਾਕੀ ਦੇ ਸਵਰ ਸ਼ੁਧ ਪ੍ਰਯੋਗ ਹੁੰਦੇ ਹਨ। ਜਿਵੇਂ –ਸ ਰੇ ਗ ਮ ਧ ਧ ਨੀ ਇਸ ਥਾਟ ਦਾ ਨਾਂ ਪ੍ਰਸਿਧ ਰਾਗ ਕਾਫੀ ਦੇ ਨਾਮ ਤੇ ਰੱਖਿਆ ਗਿਆ ਹੈ। ਬਾਗੇਸ਼ਵਰੀ, ਭੀਮਪਲਾਸੀ, ਪਟਦੀਪ, ਵਰਿੰਦਾਵਨੀ ਸਾਰੰਗ ਆਦਿ ਰਾਗ ਕਾਫੀ ਥਾਟ ਜਨਣ ਰਾਗ ਹਨ ?

5. **ਥਾਟ ਭੈਰਵ** : ਭੈਰਵ ਥਾਟ ਵਿੱਚ ਰੇ ਧ ਸਵਰ ਕੋਮਲ ਬਾਕੀ ਦੇ ਸਵਰ ਸ਼ੁਧ ਲਗਾਏ ਹਨ ਜਿਵੇ ਸ ਰੇ ਗ ਮ ਪ ਧ ਨੀ ਇਸ ਥਾਟ ਦਾ ਨਾ ਰਾਗ ਭੈਰਵ ਤੋਂ ਪਿਆ। ਰਾਮਕਲੀ, ਕਲਿੰਗੜਾ, ਗੋਰੀ ਆਦਿ ਭੈਰਵ ਥਾਟ ਜਨਣ ਰਾਗ ਹਨ ?

6. **ਥਾਟ ਮਾਰਵਾ** : ਥਾਟ ਮਾਰਵਾ ਵਿੱਚ ਰੇ ਸਵਰ ਕੋਮਲ ਮੰ ਸਵਰ ਤੀਵਰ ਤੇ ਬਾਕੀ ਦੇ ਸਾਰੇ ਸਵਰ ਸ਼ੁਧ ਲਗਦੇ ਹਨ ? ਜਿਵੇਂ ਸ ਰੇ ਗ ਮੰ ਪ ਧ ਨੀਂ। ਮਾਰਵਾ ਥਾਟ ਦਾ ਨਾਮਕਰਨ ਇਸ ਦੇ ਪ੍ਰਸਿਧ ਜਨਣ ਰਾਗ ਮਾਰਵਾ ਤੋਂ ਹੋਇਆ ਸੋਹਨੀ, ਪੁਰੀਆ, ਮਾਰਵਾ ਥਾਟ ਜਨਣਂ ਰਾਗ ਹਨ।

7. **ਥਾਟ ਪੁਰਵੀ** : ਪੁਰਵੀ ਥਾਟ ਵਿੱਚ ਰੇ ਧ ਕੋਮਲ ਮੰ ਤੀਵਰ ਤੇ ਬਾਕੀ ਸਵਰ ਸ਼ੁਧ ਪ੍ਰਯੋਗ ਕੀਤੇ ਜਾਦੇ ਹਨ। ਜਿਵੇਂ- ਸ ਰੇ ਗ ਮੰ ਪ ਧ ਨੀ। ਲਲਿਤ, ਪੁਰੀਆ ਧਨਾਸ੍ਰੀ, ਪੁਰਵੀ, ਪਰਜ, ਸ੍ਰੀ ਆਦਿ ਇਸ ਥਾਟ ਜਨਣ ਰਾਗ ਹਨ।

8. **ਥਾਟ ਤੋਂੜੀ** : ਇਸ ਥਾਟ ਵਿੱਚ ਰੇ ਗ ਧ ਸਵਰ ਕੋਮਲ, ਮੰ ਸਵਰ ਤੀਵਰ ਅਤੇ ਬਾਕੀ ਦੇ ਸਵਰ ਸ਼ੁਧ ਲਗਦੇ ਹਨ ਜਿਵੇਂ : ਸ ਰੇ ਗ ਮੰ ਪ ਧ ਨੀ। ਇਸ ਥਾਟ ਦੇ ਪ੍ਰਸਿਧ ਰਾਗ ਹਨ: – ਤੋਂੜੀ, ਮੁਲਤਾਨੀ, ਗੁਜਰੀ ਤੋਂੜੀ, ਸ਼ੁਧ ਤੋਂੜੀ, ਦੇਸ਼ੀ ਤੋਂੜੀ, ਜੋਨਪੁਰੀ ਤੋਂੜੀ ਆਦਿ।

9. **ਥਾਟ ਆਸਾਵਰੀ** : ਇਸ ਥਾਟ ਵਿੱਚ ਗ ਧ ਨੀ ਸਵਰ ਕੋਮਲ ਅਤੇ ਬਾਕੀ ਦੇ ਸਵਰ ਸ਼ੁਧ ਲਗਦੇ ਹਨ। ਜਿਵੇਂ – ਸ ਰੇ ਗ ਮ ਪ ਧ ਨੀ–ਇਸ ਥਾਟ ਦੇ ਪ੍ਰਸਿੱਧ ਰਾਗ ਹਨ। ਦਰਬਾਰੀ ਕਾਨੜਾਂ, ਅੜਾਨਾ ਆਸਾਵਰੀ, ਜੋਨਪੁਰੀ ਆਦਿ।

10. **ਥਾਟ ਭੈਰਵੀ** : ਇਸ ਥਾਟ ਵਿੱਚ ਰੇ ਗ ਧ ਨੀ ਸਵਰ ਕੋਮਲ ਅਤੇ ਬਾਕੀ ਦੇ ਸਵਰ ਸ਼ੁਧ ਲਗਦੇ ਹਨ। ਜਿਵੇਂ ਸ ਰੇ ਗ ਮ ਪ ਧ ਨੀ। ਇਸ ਥਾਟ ਦੇ ਪ੍ਰਸਿਧ ਰਾਗ ਹਨ। ਮਾਲਕੌਂਸ, ਭੈਰਵੀ ਆਦਿ। ਭੈਰਵੀ ਰਾਗ ਦਾ ਨਾਂ ਭੈਰਵੀ ਥਾਟ ਤੋਂ ਹੀ ਦਿੱਤਾ ਗਿਆ ਹੈ।

**ਭਾਰਤੀ ਸੰਗੀਤ ਦੇ ਪ੍ਰਸਿਧ 10 ਥਾਟ**

| ਥਾਟ ਦਾ ਨਾਂ | ਸਵਰ |
|---|---|
| 1. ਬਿਲਾਵਲ | ਸ ਰੇ ਗ ਮੰ ਪ ਧ ਨੀ |
| 2. ਕਲਿਆਣ | ਸ ਰੇ ਗ ਮ ਪ ਧ ਨੀ |
| 3. ਖਮਾਜ | ਸ ਰੇ ਗ ਮ ਪ ਧ ਨੀ |
| 4. ਕਾਫੀ | ਸ ਰੇ ਗ ਮ ਪ ਧ ਨੀ |
| 5. ਭੈਰਵ | ਸ ਰੇ ਗ ਮ ਪ ਧ ਨੀ |



Downloaded from https:// www.studiestoday.com

Downloaded from https:// www.studiestoday.com

| ਥਾਟ ਦਾ ਨਾਂ | ਸਵਰ |
|---|---|
| 6. ਮਾਰਵਾ | ਸ ਰੇ ਗ ਮ ਪ ਧ ਨੀ |
| 7. ਪੂਰਵੀ | ਸ ਰੇ ਗ ਮ ਪ ਧ ਨੀ |
| 8. ਤੋੜੀ | ਸ ਰੇ ਗ ਮ ਪ ਧ ਨੀ |
| 9. ਆਸਾਵਰੀ | ਸ ਰੇ ਗ ਮ ਪ ਧ ਨੀ |
| 10. ਭੈਰਵੀ | ਸ ਰੇ ਗ ਮ ਪ ਧ ਨੀ |

## ਥਾਟ ਦੇ ਨਿਯਮ

1. ਉੱਤਰੀ ਸੰਗੀਤ ਪੱਦਤੀ ਦੇ ਅਨੁਸਾਰ ਬਾਰਾਂ ਸੁਰਾ ਵਿੱਚੋਂ ਥਾਟ ਵਿੱਚ ਸੱਤ ਸਵਰਾਂ ਦਾ ਕ੍ਰਮਾਅਨੁਸਾਰ ਹੋਣਾ ਜ਼ਰੂਰੀ ਹੈ।
2. ਥਾਟ ਵਿੱਚ ਅਰੋਹ ਅਤੇ ਅਵਰੋਹ ਦਾ ਹੋਣਾ ਜ਼ਰੂਰੀ ਨਹੀਂ ਹੈ। ਥਾਟ ਵਿੱਚ ਕੇਵਲ ਆਰੋਹ ਦਾ ਹੋਣਾ ਜ਼ਰੂਰੀ ਹੁੰਦਾ ਹੈ, ਕਿਉਂਕਿ ਥਾਟ ਸੰਮਪੂਰਨ ਹੁੰਦਾ ਹੈ।
3. ਥਾਟ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਨਹੀਂ ਕਿਉਂਕਿ ਥਾਟ ਗਾਏ, ਬਜਾਏ ਨਹੀਂ ਜਾਂਦੇ ਅਤੇ ਥਾਟ ਵਿੱਚ ਸੱਤ ਸੁਰ ਕ੍ਰਮ ਅਨੁਸਾਰ ਹੁੰਦੇ ਹਨ।
4. ਥਾਟ ਵਿੱਚ ਕੇਵਲ ਅਰੋਹੀ ਹੁੰਦੀ ਹੈ ਇਸ ਤੋਂ ਹੀ ਥਾਟ ਪਛਾਣਿਆ ਜਾਂਦਾ ਹੈ।
5. ਥਾਟ ਵਿੱਚ ਵਾਦੀ ਅਤੇ ਸੰਬਾਦੀ ਦਾ ਕੋਈ ਬੰਧਨ ਨਹੀਂ ਹੈ ਕਿਉਂਕਿ ਥਾਟ ਗਾਏ, ਵਜਾਏ ਨਹੀਂ ਜਾਂਦੇ ਹਨ।
6. ਥਾਟ ਤੋਂ ਰਾਗਾਂ ਦੀ ਉਤਪੱਤੀ ਹੁੰਦੀ ਹੈ ਅਤੇ ਥਾਟ ਨਿਰਮਾਣ ਵਿੱਚ ਇਸ ਗੱਲ ਦਾ ਧਿਆਨ ਰੱਖਣਾ, ਚਾਹੀਦਾ ਹੈ ਕਿ ਉਹੀ ਸਬਰ ਸਮੂਹ ਥਾਟ ਹੋ ਸਕਦਾ ਹੈ ਜਿਸ ਵਿੱਚ ਰਾਗ ਉਤਪੰਨ ਕਰਨ ਦੀ ਸ਼ਕਤੀ ਹੋਵੇ।
7. ਥਾਟ ਦੀ ਪਛਾਣ ਦੇ ਲਈ ਉਸ ਥਾਟ ਤੋਂ ਉਤਪੰਨ ਕਿਸੇ ਮਸ਼ਹੂਰ ਰਾਗ ਦਾ ਨਾਮ ਉਸਨੂੰ ਦੇ ਦਿੰਦੇ ਹਨ। ਜਿਵੇਂ ਭੈਰਵ ਰਾਗ ਦੀ ਉਤਪੱਤੀ ਭੈਰਵ ਰਾਗ ਮਸ਼ਹੂਰ ਰਾਗ ਹੈ।
8. ਕੁੱਝ ਰਾਗ ਇਨ੍ਹਾਂ 10 ਥਾਟਾਂ ਦੇ ਅੰਦਰ ਨਹੀਂ ਆਉਂਦੇ। ਪਰ ਫਿਰ ਵੀ ਉਨ੍ਹਾਂ ਦਾ ਸਵਰ ਸਰੂਪ ਦੇਖਦੇ ਹੋਏ, ਸਵਰਾਂ ਦੇ ਅਨੁਸਾਰ ਥਾਟ ਵਿੱਚ ਰੱਖ ਦਿੱਤਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

# ਥਾਟ ਤੇ ਰਾਗ ਦੇ ਨਿਯਮਾਂ ਦੀ ਆਪਸੀ ਤੁਲਨਾਂ

| ਥਾਟ ਦੇ ਨਿਯਮ | ਰਾਗ ਦੇ ਨਿਯਮ |
|---|---|
| 1. ਥਾਟ ਵਿੱਚ ਸੁਰਾਂ ਦਾ ਕ੍ਰਮ ਅਨੁਸਾਰ ਹੋਣਾ ਜ਼ਰੂਰੀ ਹੈ। | 1. ਰਾਗ ਵਿੱਚ ਸੁਰਾਂ ਦਾ ਕ੍ਰਮਅਨੁਸਾਰ ਹੋਣਾ ਜਰੂਰੀ ਨਹੀਂ ਹੈ। ਕਿਉਂਕਿ ਰਾਗ ਵਿੱਚ ਘੱਟ ਤੋਂ ਘੱਟ 5 ਸੁਰ ਅਤੇ ਜਿਆਦਾ ਤੋਂ ਜਿਆਦਾ 7 ਸੁਰਾਂ ਦਾ ਹੋਣਾ ਜ਼ਰੂਰੀ ਹੈ। |
| 2. ਥਾਟ ਵਿੱਚ ਕੇਵਲ ਅਰੋਹ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਥਾਟ ਗਾਏ, ਵਜਾਏ ਨਹੀਂ ਜਾਂਦੇ। | 2. ਰਾਗ ਵਿੱਚ ਆਰੋਹ ਅਤੇ ਅਵਰੋਹ ਦਾ ਹੋਣਾ ਜਰੂਰੀ ਹੈ। ਕਿਉਂਕਿ ਰਾਗ ਗਾਏ, ਵਜਾਏ ਜਾਦੇ ਹਨ। |
| 3. ਥਾਟ ਵਿੱਚ ਵਾਦੀ, ਸੰਵਾਦੀ ਦਾ ਕੋਈ ਬੰਧਨ ਨਹੀਂ ਹੈ। | 3. ਰਾਗ ਵਿੱਚ ਵਾਦੀ, ਸ਼ਵਾਦੀ ਦਾ ਹੋਣਾ ਜ਼ਰੂਰੀ ਹੈ। |
| 4. ਥਾਟ ਵਿੱਚ ਕੋਈ ਸੁਰ ਵਰਜਿਤ ਨਹੀਂ ਹੁੰਦਾ। | 4. ਰਾਗ ਵਿੱਚ 'ਸ' ਅਤੇ 'ਪ' ਸਵਰ ਕਦੀ ਵਰਜਿੱਤ ਨਹੀਂ ਹੋ ਸਕਦਾ। |
| 5. ਥਾਟ ਵਿੱਚ ਰੰਜਕਤਾ ਦਾ ਹੋਣਾ ਜਰੂਰੀ ਹੈ। | 5. ਰਾਗ ਵਿੱਚ ਰੰਜਕਤਾ ਦਾ ਹੋਣਾ ਪਹਿਲਾ ਗੁਣ ਹੈ ਕਿਉਂਕਿ ਰਾਗ ਦੀ ਉਤਪਤੀ ਹੀ ਜਨਮ ਰੰਜਨ ਦੇ ਲਈ ਹੋਈ ਹੈ। |
| 6. ਥਾਟ ਦੀ ਉਤਪਤੀ ਸਪਤਕ ਦੇ ਸ਼ੁਧ, ਵਿਕ੍ਰੀਤ 12 ਸੁਰਾਂ ਤੋਂ ਹੁੰਦੀ ਹੈ। | 6. ਰਾਗ ਦੀ ਉਤਪਤੀ ਥਾਟ ਤੋਂ ਹੁੰਦੀ ਹੈ। |
| 7. ਥਾਟ ਗਤੀ ਹੀਨ ਅਤੇ ਸੀਮਾਂ ਵਧ ਹਨ। | 7. ਰਾਗ ਪ੍ਰਵਾਹਮਾਨ ਹੈ ਅਤੇ ਉਨ੍ਹਾਂ ਦਾ ਸਰੂਪ ਸਥਿਰ ਨਹੀਂ ਹੋ ਸਕਦਾ ਹੈ। |
| 8. ਥਾਟ ਨੰ ਉਸਦੇ ਅੰਦਰ ਆਣ ਵਾਲੇ ਪ੍ਰਸਿੱਧ ਰਾਗ ਦਾ ਨਾਮ ਦੇ ਦਿੱਤਾ ਜਾਂਦਾ ਹੈ। | 8. ਰਾਗ ਦਾ ਨਾਮ ਥਾਟ ਨੂੰ ਦਿੱਤਾ ਜਾਂਦਾ ਹੈ। |
| 9. ਥਾਟ ਵਿੱਚ ਇੱਕ ਹੀ ਸੁਰ ਦੇ ਦੋ ਰੂਪ ਇੱਕ ਦੂਸਰੇ ਦੇ ਬਾਅਦ ਆ ਸਕਦੇ ਹਨ। | 9. ਰਾਗ ਵਿੱਚ ਇੱਕ ਹੀ ਸੁਰ ਦੇ ਦੋ ਰੂਪ ਇੱਕ ਦੂਸਰੇ ਦੇ ਬਾਅਦ ਨਹੀਂ ਆ ਸਕਦੇ। |



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

### ਵਸਤੂ ਨਿਸ਼ਠ ਪ੍ਰਸ਼ਨ —

1. ਥਾਟ ਕਿਸ ਨੂੰ ਕਹਿੰਦੇ ਹਨ ?
2. ਤੀਵਰ ਮ॑ ਵਾਲਾ ਕਿਹੜਾ ਥਾਟ ਹੈ ?
3. ਰੇ॒ ਧ॒ ਕੋਮਲ ਵਾਲਾ ਕਿਹੜਾ ਥਾਟ ਹੈ ?
4. ਕੁਲ ਕਿੰਨੇ ਥਾਟ ਹੁੰਦੇ ਹਨ।
5. ਥਾਟ ਦੇ ਕੋਈ ਦੋ ਨਿਯਮ ਲਿਖੋ ?
6. ਰੇ॒ ਧ॒ ਕੋਮਲ, ਮ॑ ਤੀਵਰ ਵਾਲਾ ਕਿਹੜਾ ਥਾਟ ਹੈ ?

**ਅਧਿਆਪਕ ਲਈ**

ਵਿਦਿਆਰਥੀਆਂ ਤੋਂ 10 ਥਾਟਾਂ ਦਾ ਚਾਰਟ ਬਣਵਾਇਆ ਜਾਵੇ।



Downloaded from https:// www.studiestoday.com

Downloaded from https:// www.studiestoday.com

# ਪ੍ਰਸਤਾਵ ਪਾਠ 7

## (i) ਸੰਗੀਤ ਵਿੱਚ ਤਾਲ ਦਾ ਮਹੱਤਵ

ਸੰਗੀਤ ਇੱਕ ਅਜਿਹੀ ਲਲਿਤ ਕਲਾ ਹੈ ਜਿਸ ਵਿੱਚ ਗਾਇਨ, ਵਾਦਨ ਅਤੇ ਨਾਚ ਤਿੰਨਾਂ ਦਾ ਮੇਲ ਹੁੰਦਾ ਹੈ। ਸੰਗੀਤ ਦੇ ਤਿੰਨਾਂ ਅੰਗਾਂ ਵਿੱਚ ਤਾਲ ਦਾ ਮਹੱਤਵ ਸਭ ਤੋਂ ਉੱਤਮ ਹੈ। ਸੰਗੀਤ ਦਾ ਮੁਖ ਉਦੇਸ਼ ਆਨੰਦ ਪੈਦਾ ਕਰਨਾ ਹੁੰਦਾ ਹੈ ਅਤੇ ਤਾਲ ਸੰਗੀਤ ਵਿਚਲੀ ਮਿਠਾਸ ਨੂੰ ਵਧਾਉਂਦਾ ਹੈ।

ਗਾਇਨ, ਵਾਦਨ ਅਤੇ ਨਾਚ ਵਿੱਚ ਤਾਲ ਦੀ ਮੁੱਖ ਜਗ੍ਹਾ ਹੈ। ਤਾਲ ਹੀ ਸੰਗੀਤ ਨੂੰ ਨਿਯਮਤ ਰੱਖਦੀ ਹੈ। ਸਗੀਤ ਨਾਲ ਤਾਲ ਦਾ ਸਬੰਧ ਸਾਡੇ ਸਰੀਰ ਦੇ ਨਾਲ ਸਾਹ ਦੇ ਬਰਾਬਰ ਹੈ। ਸੰਗੀਤ ਰੂਪੀ ਭਵਨ ਦੀ ਨੀਂਹ ਤਾਲ ਹੈ ਇਸ ਲਈ ਜੇ ਨੀਂਹ ਕਮਜ਼ੋਰ ਹੋਵੇਗੀ ਤਾਂ ਭਵਨ ਵੀ ਸਹੀ ਢੰਗ ਨਾਲ ਨਹੀਂ ਬਣ ਸਕਦਾ। ਤਾਲ ਦਾ ਗਿਆਨ ਹਰੇਕ ਸੰਗੀਤਕਾਰ ਲਈ ਜ਼ਰੂਰੀ ਹੈ, ਚਾਹੇ ਉਹ ਗਾਇਕ ਹੈ, ਚਾਹੇ ਵਾਦਕ ਜਾਂ ਨਰਤਕ। ਬਿਨਾਂ ਤਾਲ ਦੇ ਗਿਆਨ ਤੋਂ ਉਸਨੂੰ ਸੰਗੀਤਕਾਰ ਨਹੀਂ ਕਿਹਾ ਜਾ ਸਕਦਾ। ਤਾਲ ਦੀ ਵਰਤੋਂ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਹੈ। ਵੈਦਿਕ ਕਾਲ ਵਿੱਚ ਤਾਲ ਦੇਣ ਲਈ ਜ਼ਮੀਨ ਵਿੱਚ ਟੋਆ ਪੁੱਟ ਕੇ ਉਸਦੇ ਉੱਪਰ ਚਮੜਾ ਮੜ ਕੇ ਵਰਤਿਆ ਜਾਂਦਾ ਸੀ। ਰਮਾਇਣ, ਮਹਾਭਾਰਤ ਅਤੇ ਉਪਨਿਸ਼ਦਾਂ ਆਦਿ ਸਾਰੇ ਗ੍ਰੰਥਾਂ ਵਿੱਚ ਤਾਲ ਬਾਰੇ ਅਵਨਦ ਵਾਦ ਦਾ ਵਰਨਣ ਮਿਲਦਾ ਹੈ।

ਅਸਲ ਵਿੱਚ ਤਾਲ ਦਾ ਸਿੱਧਾ ਸਬੰਧ ਤਾਲ ਨਾਲ ਹੈ। ਲੈਅ ਸੰਗੀਤ ਦਾ ਆਧਾਰ ਹੈ। ਸੰਗੀਤ ਵਿੱਚ ਲੈਅ ਦਾ ਮਹੱਤਵ ਦੱਸਦੇ ਹੋਏ ਕਿਹਾ ਗਿਆ ਹੈ ਕਿ "ਸ਼ਰੁਤੀ ਮਾਤਾ ਲੈਅ ਪਿਤਾ"। ਲੈਅ ਸੰਗੀਤ ਦਾ ਉਹ ਵਿਸ਼ਾ ਹੈ ਜਿਸ ਵਿੱਚ ਸੰਗੀਤ ਦੇ ਵੱਖ ਵੱਖ ਅੰਗ ਤਾਲ ਦੇ ਪੈਦਾ ਹੋਣ ਨਾਲ ਰਾਗਾਂ ਵਿੱਚ ਮਿਠਾਸ ਨੂੰ ਵਧਾਉਂਦੇ ਹਨ। ਸਾਰੀ ਦੁਨਆਂ ਦਾ ਅਧਾਰ ਲੈਅ ਹੈ। ਕੁਦਰਤ ਦੀ ਹਰ ਚੀਜ਼ ਵਿੱਚ ਲੈਅ ਹੈ। ਜੇ ਕੁਦਰਤ ਦੇ ਕੰਮ ਵਿੱਚ ਲੈਅ ਨੂੰ ਹਟਾ ਦਿੱਤਾ ਜਾਵੇ ਤਾਂ ਤਬਾਹੀ ਹੋ ਸਕਦੀ ਹੈ। ਇਸ ਤਰਾਂ ਹੀ ਲੈਅ ਦਾ ਸਬੰਘ ਸੰਗੀਤ ਨਾਲ ਹੈ। ਸੁਰ ਅਤੇ ਲੈਅ ਸੰਗੀਤ ਦੇ ਦੋ ਪੈਰ ਹਨ ਸੁਰ ਨਾਲ ਲੈਅ ਪੈਦਾ ਹੁੰਦੀ ਹੈ। ਜਦੋਂ ਲੈਅ ਹੀ ਸੁਰ ਨੂੰ ਮਿਠਾਸ ਦੇ ਯੋਗ ਬਣਾ ਕੇ ਉਸ ਨੂੰ ਇੱਕ ਚੱਕਰ ਵਿੱਚ ਬੰਨ ਲੈਂਦੀ ਹੈ ਤੇ ਮਾਪਕ ਦਾ ਰੂਪ ਧਾਰਣ ਕਰਦੀ ਹੈ ਤਾਂ ਉਸਨੂੰ ਅਸੀਂ 'ਤਾਲ' ਕਹਿੰਦੇ ਹਾਂ। ਲੈਅ ਨਾਲ ਮਾਤਰਾ, ਅਤੇ ਮਾਤਰਾ ਨਾਲ ਤਾਲ ਬਣਦੀ ਹੈ।

ਹਰੇਕ ਤਾਲ ਦੇ ਕੁਝ ਨਿਸ਼ਚਿਤ ਬੋਲ ਮਾਤਰਾ, ਤਾਲੀ, ਖਾਲੀ ਅਤੇ ਵਿਭਾਗ ਹੁੰਦੇ ਹਨ। ਤਾਲ ਵਿੱਚ ਖਾਲੀ ਅਤੇ ਤਾਲੀ ਆਦਿ ਚਿੰਨਾਂ ਤੋਂ ਗਾਇਕ ਜਾਂ ਵਾਦਕ ਨੂੰ ਪਤਾ ਲਗਦਾ ਹੈ ਕਿ ਉਹ ਕਿਹੜੀ ਮਾਤਰਾ ਤੇ ਹੈ। ਫਿਰ ਉਹ ਆਪਣੀ ਕਲਪਨਾ ਨਾਲ ਰਾਗ ਵਿੱਚ ਨਵੀਆਂ ਨਵੀਆਂ ਰਚਨਾਵਾਂ ਕਰਕੇ ਉਸ



Downloaded from https:// www.studiestoday.com

Downloaded from https:// www.studiestoday.com

ਦਾ ਪ੍ਰਦਰਸ਼ਨ ਕਰ ਸਕਦਾ ਹੈ। ਖਾਲੀ ਚਿੰਨ ਆਰਾਮ ਦਾ ਸੂਚਕ ਹੈ। ਜਿੱਥੇ ਗਾਇਕ ਜਾਂ ਵਾਦਕ ਸਾਹ ਲੈਂਦਾ ਹੈ। ਜਦ ਸੁਰ ਨਿਯਮਬੱਧ ਹੋਕੇ ਚਲਦਾ ਹੈ ਤਾਂ ਉਸ ਵਿੱਚ ਢਿੱਲਾਪਨ ਨਹੀਂ ਆਉਂਦਾ ਅਤੇ ਗਾਇਕ ਜਾਂ ਵਾਦਕ ਦੀਆਂ ਇੰਦਰੀਆਂ ਵੀ ਉਸ ਨੂੰ ਚੁਸਤ ਬਣਾਈ ਰੱਖਦੀਆਂ ਹਨ। ਇਹ ਬੁੱਧੀ ਵਾਲੀ ਹੀ ਚੁਸਤ ਕਲਪਨਾ ਹੀ ਸਰੋਤਿਆਂ ਦਾ ਮਨ ਮੋਹ ਲੈਂਦੀ ਹੈ।

ਤਾਲ ਵਿੱਚ ਸੰਗੀਤ ਦਾ ਇੰਨਾ ਮਹੱਤਵ ਹੈ ਕਿ ਬਿਨਾਂ ਤਾਲ ਦਾ ਅਲਾਪ ਸੁਣ ਕੇ ਸਰੋਤੇ ਸਮਝ ਲੈਂਦੇ ਹਨ ਕਿ ਅਜੇ ਗਾਇਨ ਸ਼ੁਰੂ ਨਹੀਂ ਹੋਇਆ। ਸੰਗੀਤ ਦੀ ਜਾਨ ਤਾਲ ਹੈ। ਜਦ ਵੀ ਤਾਲ ਦੀ ਥਾਪ ਸ਼ੁਰੂ ਹੋ ਜਾਦੀ ਹੈ ਤਾਂ ਸਾਡੇ ਹੱਥ, ਪੈਰ ਜਾਂ ਸਿਰ ਹਿਲਣ ਲਗਦੇ ਹਨ। ਸਪਸ਼ਟ ਹੈ ਕਿ ਤਾਲ ਦੇ ਰੂਪ ਵਿੱਚ ਸਾਨੂੰ ਆਨੰਦ ਮਿਲਦਾ ਹੈ। ਸੁਰ ਦੀ ਲੀਲਾ ਕਰਨ ਲਈ ਤਾਲ ਦੀ ਲੋੜ ਪੈਂਦੀ ਹੈ। ਰਾਗ ਵਿੱਚ ਰਸ ਪੈਦਾ ਕਰਨ ਵਿੱਚ ਤਾਲ ਦੀ ਵੀ ਸ਼ਕਤੀ ਹੁੰਦੀ ਹੈ। ਤਾਲ ਦਾ ਅਨੰਦ ਮਨੁੱਖੀ ਮਨ ਵਿੱਚ ਆਪਣੀ ਜਗ੍ਹਾ ਬਣਾ ਲੈਂਦਾ ਹੈ ਜੋ ਸਦੀਵੀ ਹੁੰਦਾ ਹੈ। ਇਸ ਲਈ ਸੰਗੀਤ ਰੂਪੀ ਸਰੀਰ ਦਾ ਤਾਲ, ਅਸਥੀ ਪਿੰਜਰ ਹੈ, ਕਹਿਣਾ ਕੋਈ ਗਲਤ ਨਹੀਂ ਹੋਵੇਗਾ।

ਭਾਰਤ ਸੰਗੀਤ ਵਿੱਚ ਤਾਲਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ–ਵੱਡੀਆਂ ਤਾਲਾਂ ਅਤੇ ਛੋਟੀਆਂ ਤਾਲਾਂ। ਧਰੁਪਦ, ਖਿਆਲ, ਧਮਾਰ ਵੱਡੀਆਂ ਤਾਲਾਂ ਵਿੱਚ ਗਾਏ ਜਾਂਦੇ ਹਨ ਜਿਵੇਂ : – ਧਰੁਪਦ ਨਾਲ ਚਾਰ ਤਾਲ ਅਤੇ ਸੂਲ ਤਾਲ ਖਿਆਲ ਨਾਲ ਇੱਕ ਤਾਲ, ਤਿਲਵਾੜਾ ਤਾਲ ਅਤੇ ਤਿੰਨ ਤਾਲ ਵਜਾਈ ਜਾਂਦੀ ਹੈ। ਛੋਟੀਆਂ ਤਾਲਾਂ ਵਿੱਚ ਦਾਦਰਾ, ਕਹਿਰਵਾ, ਰੂਪਕ ਤਾਲਾਂ ਆਉਂਦੀਆਂ ਹਨ ਜਿਨਾਂ ਦਾ ਚਲਨ ਉਤਸ਼ਾਹ ਭਰਿਆ ਹੁੰਦਾ ਹੈ। ਕਹਿਰਵੇ ਦੀ ਤਾਲ ਨਾਲ ਤਾਂ ਬੱਚੇ, ਬੁੱਢੇ ਸਭ ਨੱਚ ਉਠਦੇ ਹਨ। ਦਾਦਰਾ ਤਾਲ ਦੇ ਚਲਨ ਵਿੱਚ ਵਿਸ਼ੇਸ਼ ਰਸ ਹੁੰਦਾ ਹੈ। ਰੂਪਕ ਤਾਲ ਦਾ ਵੀ ਅਨੋਖਾ ਪ੍ਰਭਾਵ ਹੁੰਦਾ ਹੈ। ਸਾਡੇ ਸੰਗੀਤ ਵਿਦਵਾਨਾਂ ਦੇ ਨਿੱਜੀ ਭਾਵਨਾਵਾਂ ਦਾ ਅਧਿਐਨ ਕਰਕੇ ਗਣਿਤ ਰਾਹੀਂ ਮਾਤਰਾਵਾਂ ਬਣਾਕੇ ਤਾਲ ਬਣਾ ਦਿੱਤੀ ਜਿਸ ਨਾਲ ਮਨੁੱਖ ਨੂੰ ਰਸ ਦਾ ਗਿਆਨ ਹੋਇਆ। ਕੋਈ ਵੀ ਕਲਾਕਾਰ ਜੇ ਬੇਤਾਲਾ ਹੋ ਜਾਵੇ ਤਾਂ ਉਹ ਸਰੋਤਿਆਂ ਨੂੰ ਆਨੰਦ ਨਹੀਂ ਪ੍ਰਾਪਤ ਹੋ ਸਕਦਾ।

ਸਮੂਹਿਕ ਸੰਗੀਤ ਅਤੇ ਵਰਿੰਦ ਵਾਦਨ ਵਿੱਚ ਵੀ ਤਾਲ ਦੀ ਖਾਸ ਜਗ੍ਹਾ ਹੈ। ਉਸ ਵਿੱਚ ਤਾਲ ਸਭ ਨੂੰ ਬਰਾਬਰ ਰੱਖਦੀ ਹੈ। ਹਰੇਕ ਕਲਾਕਾਰਾ ਨੂੰ ਆਪਣੀ ਕਲਪਨਾ ਦੀ ਸੁਤੰਤਰ ਉਡਾਨ **ਨਾਲ ਆਪਣੇ ਮਨ ਦੇ ਵਿਚਾਰਾਂ ਨੂੰ ਪੇਸ਼ ਕਰਨ ਵਿੱਚ ਮਦਦ ਕਰਦੀ ਹੈ। ਉਨਾਂ ਕਲਾਕਾਰਾਂ ਦੀ ਪ੍ਰਸ਼ੰਸਾ ਕਰਨ ਨੂੰ ਮਨਾ ਕਰਦਾ ਹੈ। ਜੋ ਸਾਨੂੰ ਆਨੰਦਿਤ ਕਰਦੇ ਹਨ।**

ਅਸਲ ਵਿੱਚ ਸੰਗੀਤ ਦਾ ਤਾਲ ਵਿੱਚ ਇੰਨਾਂ ਜ਼ਿਆਦਾ ਮਹੱਤਵ ਹੈ ਕਿ ਅਸੀਂ ਬਿਨਾਂ ਤਾਲ ਦੇ ਸੰਗੀਤ ਦੀ ਕਲਪਨਾ ਵੀ ਨਹੀਂ ਕਰ ਸਕਦੇ। ਸੰਗੀਤ ਦਾ ਕੋਈ ਵੀ ਰੂਪ ਹੋਵੇ, ਚਾਹੇ ਸ਼ਾਸਤਰੀ ਸੰਗੀਤ ਜਾਂ ਸਰਲ ਸੰਗੀਤ ਲੋਕ ਗੀਤ ਜਾਂ ਭਜਨ ਕੀਰਤਨ, ਬਿਨਾਂ ਤਾਲ ਦੇ ਸਭ ਫਿੱਕਾ ਲਗਦਾ ਹੈ। ਸੰਗੀਤ ਦੇ ਸਭ ਰੂਪਾਂ ਵਿੱਚ ਤਾਲ ਮਿਠਾਸ ਪੈਦਾ ਕਰਦੀ ਹੈ। ਤਾਲ ਨਾਲ ਮਨੁੱਖ ਮੁਕਤੀ ਦਾ ਅਧਿਕਾਰੀ ਬਣਦਾ ਹੈ। ਜਿਵੇਂ ਹਨੇਰੇ ਵਿੱਚ ਚਾਨਣ, ਦੁੱਖ ਵਿੱਚ ਸੁੱਖ ਛੁਪਿਆ ਹੁੰਦਾ ਹੈ ਠੀਕ ਉਸੀ ਤਰਾਂ ਸੰਗੀਤ ਵਿੱਚ ਤਾਲ ਮੌਜੂਦ ਰਹਿੰਦੀ ਹੈ।



Downloaded from https:// www.studiestoday.com

Downloaded from https:// www.studiestoday.com

## (ii) ਸੰਗੀਤ ਅਤੇ ਲਲਿਤ ਕਲਾਵਾਂ

ਕਲਾ ਕਿਸੇ ਦੇਸ਼ ਦੀ ਸੰਸਕ੍ਰਿਤਿਕ ਤਰੱਕੀ ਦਾ ਦਰਪਣ ਹੁੰਦੀ ਹੈ। ਕਲਾ ਸ਼ਬਦ 'ਕ' ਅਤੇ 'ਲਾ' ਦੇ ਮੇਲ ਤੋਂ ਮਿਲਕੇ ਬਣਿਆ ਹੈ। 'ਕ' ਦਾ ਅਰਥ ਹੈ-ਆਨੰਦ ਅਤੇ 'ਲਾ' ਦਾ ਅਰਥ ਹੈ- ਲਿਆਉਣਾ। ਇਸ ਪ੍ਰਕਾਰ ਆਨੰਦ ਪ੍ਰਦਾਨ ਕਰਨ ਵਾਲੀ ਵਸਤੂ ਨੂੰ ਕਲਾ ਕਹਿੰਦੇ ਹਨ। ਕਲਾ ਦਾ ਸਭ ਤੋਂ ਉੱਤਮ ਰੂਪ ਲਲਿਤ ਕਲਾ ਨੂੰ ਮੰਨਿਆ ਜਾਂਦਾ ਹੈ। ਲਲਿਤ ਕਲਾ ਅੰਗਰੇਜੀ ਭਾਸ਼ਾ ਦੇ ਸ਼ਬਦ ' Fine arts" ਦਾ ਅਨੁਵਾਦ ਹੈ। ਲਲਿਤ ਕਲਾ ਉਹ ਕਲਾ ਹੁੰਦੀ ਹੈ ਜਿਸ ਤੋਂ ਲੌਕਿਕ (ਸੰਸਾਰਿਕ) ਅਤੇ ਅਲੌਕਿਕ (ਅਧਿਆਤਮਿਕ) ਦੋਵੇਂ ਤਰ੍ਹਾਂ ਦੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਲਲਿਤ ਕਲਾਵਾਂ ਦੀਆਂ ਮੁੱਖ ਪੰਜ ਸ਼੍ਰੇਣੀਆਂ ਹਨ: –

**1. ਸੰਗੀਤ ਕਲਾ 2. ਕਾਵਿ ਕਲਾ 3. ਚਿੱਤਰ ਕਲਾ 4. ਮੂਰਤੀ ਕਲਾ 5. ਵਾਸਤੂ ਕਲਾ**

ਇਨ੍ਹਾਂ ਸਭ ਕਲਾਵਾਂ ਦੇ ਪ੍ਰਗਟਾਵੇ ਲਈ ਅਲੱਗ-2 ਮਾਧਿਅਮ ਵਰਤਿਆ ਜਾਂਦਾ ਹੈ। ਜਿਸ ਕਲਾ ਦਾ ਮਾਧਿਅਮ ਜਿੰਨਾ ਸੂਖ਼ਮ ਹੁੰਦਾ ਹੈ, ਉਹ ਕਲਾ ਓਨੀ ਹੀ ਉੱਚ ਕੋਟੀ ਦੀ ਮੰਨੀ ਜਾਂਦੀ ਹੈ। ਵਾਸਤੂਕਲਾ ਵਿੱਚ ਇੱਟਾਂ, ਪੱਥਰ ਤੇ ਲੋਹੇ ਦੁਆਰਾ ਸੌਂਦਰਯ ਉਤਪੰਨ ਕੀਤਾ ਜਾਂਦਾ ਹੈ। ਮੂਰਤੀਕਲਾ ਵਿੱਚ ਮੂਰਤਕਾਰ ਪੱਥਰ ਧਾਤੂ ਤੇ ਮਿੱਟੀ ਦੇ ਦੁਆਰਾ ਛੈਣੀ ਜਾਂ ਹਥੌੜੀ ਦੀ ਸਹਾਇਤਾ ਨਾਲ ਕਲਾ ਦਾ ਨਿਰਮਾਣ ਕਰਦਾ ਹੈ। ਇਸ ਪ੍ਰਕਾਰ ਮੂਰਤੀਕਲਾ ਦਾ ਮਾਧਿਅਮ ਵਾਸਤੂਕਲਾ ਨਾਲੋਂ ਕੁਝ ਸੂਖਮ ਹੁੰਦਾ ਹੈ, ਇਸ ਲਈ ਮੂਰਤੀਕਲਾ, ਵਾਸਤੂਕਲਾ ਤੋਂ ਕੁਝ ਸ੍ਰੇਸ਼ਠ ਮੰਨੀ ਜਾਂਦੀ ਹੈ। ਚਿੱਤਰਕਾਰ ਬੁਰਸ਼ ਅਤੇ ਰੇਖਾਵਾਂ ਦੀ ਮਦਦ ਨਾਲ ਚਿੱਤਰ ਤਿਆਰ ਕਰਦਾ ਹੈ। ਇਸ ਪ੍ਰਕਾਰ ਚਿੱਤਰਕਲਾ ਦਾ ਮਾਧਿਅਮ, ਮੂਰਤੀਕਲਾ ਨਾਲੋਂ ਸੂਖਮ ਹੋਣ ਕਾਰਨ ਚਿੱਤਰਕਲਾ ਨੂੰ ਮੂਰਤੀਕਲਾ ਨਾਲੋਂ ਸ੍ਰੇਸ਼ਠ ਮੰਨਿਆ ਜਾਂਦਾ ਹੈ। ਕਾਵਿ ਕਲਾ ਵਿੱਚ ਕਵੀ ਸ਼ਬਦਾਂ ਦੀ ਮਦਦ ਨਾਲ ਆਪਣੀ ਰਚਨਾ ਤਿਆਰ ਕਰਦਾ ਹੈ। ਇਸ ਪ੍ਰਕਾਰ ਕਾਵਿ ਕਲਾ ਦਾ ਮਾਧਿਅਮ ਮੂਰਤੀਕਲਾ ਦੇ ਮਾਧਿਅਮ ਨਾਲੋਂ ਸੂਖਮ ਹੋ ਜਾਣ ਕਾਰਨ ਕਾਵਿ ਕਲਾ, ਮੂਰਤੀਕਲਾ ਤੋਂ ਸ੍ਰੇਸ਼ਠ ਹੋ ਜਾਂਦੀ ਹੈ। ਸੰਗੀਤ ਕਲਾ ਵਿੱਚ ਭਾਵ ਪ੍ਰਗਟਾਉਣ ਲਈ ਕਿਸੇ ਇੱਟ, ਪੱਥਰ, ਛੈਣੀ, ਹਥੌੜੀ, ਰੰਗ, ਬੁਰਸ਼ ਆਦਿ ਦੀ ਜ਼ਰੂਰਤ ਨਹੀਂ ਪੈਂਦੀ। ਸੰਗੀਤ ਦਾ ਆਧਾਰ ਸੱਤ ਸਵਰ- ਸ ਰੇ ਗ ਮ ਪ ਧ ਨੀ ਹਨ। ਇਸ ਪ੍ਰਕਾਰ ਸੰਗੀਤ ਦੇ ਭਾਵ ਪ੍ਰਗਟਾਵੇ ਦਾ ਮਾਧਿਅਮ ਬਾਕੀ ਕਲਾਵਾਂ ਨਾਲੋਂ ਸੂਖਮ ਹੈ। ਇਸ ਲਈ ਸੰਗੀਤ ਕਲਾ ਦਾ ਸਥਾਨ ਸਾਰੀਆਂ ਲਲਿਤ ਕਲਾਵਾਂ ਵਿੱਚ ਸਰਵ ਸ੍ਰੇਸ਼ਠ ਮੰਨਿਆ ਜਾਂਦਾ ਹੈ।

**ਸੰਗੀਤ ਅਤੇ ਲਲਿਤ ਕਲਾਵਾਂ ਦਾ ਸਬੰਧ:** ਸ਼ੁਰੂ ਤੋਂ ਹੀ ਸੰਗੀਤਕਲਾ ਦਾ ਸੰਬੰਧ ਇਨ੍ਹਾਂ ਕਲਾਵਾਂ ਨਾਲ ਰਿਹਾ ਹੈ। ਜਿਵੇਂ-2 ਸੰਗੀਤ ਕਲਾ ਵਿੱਚ ਪਰਿਵਰਤਨ ਆਏ, ਉਸ ਤਰ੍ਹਾਂ ਬਾਕੀ ਲਲਿਤ ਕਲਾਵਾਂ ਵਿੱਚ ਵੀ ਪਰਿਵਰਤਨ ਆਏ। ਇਨ੍ਹਾਂ ਕਲਾਵਾਂ ਦੇ ਆਪਸੀ ਸਬੰਧ ਦਾ ਵਰਣਨ ਇਸ ਤਰ੍ਹਾਂ ਹੈ: –

1. **ਸੰਗੀਤ ਅਤੇ ਕਾਵਿਕਲਾ :** ਸੰਗੀਤ ਅਤੇ ਕਾਵਿ ਦਾ ਗਹਿਰਾ ਸਬੰਧ ਹੈ। ਸੰਗੀਤ ਕਲਾ ਦਾ ਅਧਾਰ 'ਨਾਦ' ਹੈ। ਕਾਵਿ ਕਲਾ ਦਾ ਅਧਾਰ ਭਾਸ਼ਾ ਹੈ, ਜੋ ਕਿ ਨਾਦ ਦਾ ਹੀ ਵਿਕਸਿਤ ਰੂਪ ਹੈ। ਕਾਵਿ ਦੀ



Downloaded from https:// www.studiestoday.com

Downloaded from https:// www.studiestoday.com

ਰਚਨਾ ਛੰਦਾਂ ਦੇ ਵਿੱਚ ਕੀਤੀ ਜਾਂਦੀ ਹੈ। ਛੰਦ, ਲੈਅ ਤੇ ਆਧਾਰਿਤ ਹੁੰਦੇ ਹਨ। ਸੰਗੀਤ ਵਿੱਚ ਵੀ ਭਾਵਾਂ ਦਾ ਪ੍ਰਗਟਾਵਾ ਲੈਅ ਅਤੇ ਸਵਰ ਦੇ ਆਧਾਰ ਤੇ ਕੀਤਾ ਜਾਂਦਾ ਹੈ। ਸੰਗੀਤ ਅਤੇ ਕਾਵਿ ਕਲਾ ਦੋਵੇਂ ਮਨੁੱਖ ਦੇ ਹਿਰਦੇ ਤੋਂ ਪੈਦਾ ਹੁੰਦੇ ਹਨ। ਕਵੀ ਆਪਣੇ ਹਿਰਦੇ ਦੀਆਂ ਭਾਵਨਾਵਾਂ ਨੂੰ ਕਵਿਤਾ ਦੇ ਰੂਪ ਵਿੱਚ ਅਤੇ ਸੰਗੀਤਕਾਰ ਆਪਣੇ ਹਿਰਦੇ ਦੀਆਂ ਭਾਵਨਾਵਾਂ ਨੂੰ ਗੀਤ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਕਾਵਿ ਰਚਨਾਂ ਵਿੱਚ 'ਨੌਂ' ਰਸਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪ੍ਰਕਾਰ ਸੰਗੀਤ ਵੀ ਇੱਕ ਰਸ ਪ੍ਰਧਾਨ ਕਲਾ ਹੈ। ਸੰਗੀਤ ਅਤੇ ਕਾਵਿ ਕਲਾ ਦਾ ਪ੍ਰਭਾਵ ਕੇਵਲ ਪੜ੍ਹੇ ਲਿਖੇ ਵਰਗ ਤੇ ਹੀ ਨਹੀਂ ਪੈਂਦਾ ਬਲਕਿ ਇਨ੍ਹਾਂ ਦਾ ਪ੍ਰਭਾਵ ਸਿੱਖਿਅਤ ਅਤੇ ਅਨਪੜ੍ਹ ਮਨੁੱਖਾਂ ਤੇ ਇੱਕੋ ਜਿਹਾ ਪੈਂਦਾ ਹੈ। ਸੰਗੀਤ ਅਤੇ ਕਾਵਿ ਕਲਾ ਦੋਨਾਂ ਦੀ ਹੀ ਉਤਪੱਤੀ ਪ੍ਰਕਿਰਤੀ ਤੋਂ ਮੰਨੀ ਗਈ ਹੈ। ਇਸ ਪ੍ਰਕਾਰ ਸ਼ੁਰੂ ਤੋਂ ਹੀ ਇਨ੍ਹਾਂ ਦੋਵਾਂ ਕਲਾਵਾਂ ਦਾ ਗਹਿਰਾ ਸੰਬੰਧ ਰਿਹਾ ਹੈ।

2. **ਸੰਗੀਤ ਅਤੇ ਚਿੱਤਰਕਲਾ :** ਸੰਗੀਤ ਅਤੇ ਚਿੱਤਰਕਲਾ ਦਾ ਸਬੰਧ ਪੁਰਾਣੇ ਸਮੇਂ ਤੋਂ ਹੀ ਰਿਹਾ ਹੈ। ਇੱਕ ਸੰਗੀਤਕਾਰ ਆਪਣੇ ਭਾਵ ਸੱਤ ਸਵਰਾਂ ਦੁਆਰਾ ਪ੍ਰਗਟ ਕਰਦਾ ਹੈ ਅਤੇ ਇੱਕ ਚਿੱਤਰਕਾਰ ਅਪਣੇ ਭਾਵ ਸਤਰੰਗੀ ਪੀਂਘ ਦੇ ਸੱਤ ਰੰਗਾਂ ਦੁਆਰਾ ਪ੍ਰਦਰਸ਼ਿਤ ਕਰਦਾ ਹੈ। ਰਾਗ ਅਤੇ ਰਾਗਨੀਆਂ ਦਾ ਸੰਬੰਧ ਦੇਵੀ ਦੇਵਤਿਆਂ ਨਾਲ ਮੰਨਿਆ ਜਾਂਦਾ ਹੈ। ਹਰ ਰਾਗ ਵਿੱਚ ਦੇਵਤਾ ਦਾ ਧਿਆਨ ਚਿੱਤਰ ਦੁਆਰਾ ਚਿਤਰਨ ਕੀਤਾ ਗਿਆ ਹੈ। ਉਦਾਹਰਨ ਦੇ ਤੌਰ ਤੇ ਰਾਗਨੀ ਭੈਰਵੀ ਦੇ ਧਿਆਨ ਚਿੱਤਰ ਵਿੱਚ ਭੈਰਵੀ ਦੀ ਦੇਵੀ ਪਾਰਵਤੀ ਨੂੰ ਦਿਖਾਇਆ ਗਿਆ ਹੈ। ਹਿਮਾਲਿਆਂ ਵਿੱਚ ਸਥਿਤ ਮੰਦਰ ਵਿੱਚ ਪਾਰਵਤੀ ਭਗਵਾਨ ਸ਼ੰਕਰ ਦੀ ਪੂਜਾ ਕਰਦੀ ਦਿਖਾਈ ਗਈ ਹੈ। ਸੰਗੀਤ ਦੇ ਦੇਵਤਾ ਨੂੰ ਸਦਾ ਨ੍ਰਿਤ ਕਲਾ ਵਿੱਚ ਹੀ ਪ੍ਰਦਰਸ਼ਿਤ ਕੀਤਾ ਗਿਆ ਹੈ। ਪੁਰਾਣੇ ਸਮੇਂ ਵਿੱਚ ਇੱਕ ਚਿੱਤਰਕਾਰ ਨੂੰ ਨ੍ਰਿਤ ਦੀ ਜਾਣਕਾਰੀ ਹੋਣਾ ਜ਼ਰੂਰੀ ਸਮਝਿਆ ਜਾਂਦਾ ਸੀ, ਜਿਸ ਨਾਲ ਉਹ ਨ੍ਰਿਤ ਦੀਆਂ ਮੁਦਰਾਵਾਂ ਨੂੰ ਹੋਰ ਚੰਗੀ ਤਰ੍ਹਾਂ ਆਪਣੇ ਚਿੱਤਰਾਂ ਵਿੱਚ ਪ੍ਰਦਰਸ਼ਿਤ ਕਰ ਸਕੇ। ਇਸ ਪ੍ਰਕਾਰ ਚਿੱਤਰਕਲਾ ਅਤੇ ਸੰਗੀਤ ਦਾ ਗਹਿਰਾ ਸੰਬੰਧ ਹੈ।

3. **ਸੰਗੀਤ ਅਤੇ ਮੂਰਤੀਕਲਾ :** ਮੂਰਤੀਕਲਾ ਇੱਕ ਅਜਿਹੀ ਕਲਾ ਹੈ, ਜਿਸ ਵਿੱਚ ਲੱਕੜ ਜਾਂ ਪੱਥਰ ਨੂੰ ਘੜਕੇ ਮੂਰਤੀ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਮੂਰਤੀਕਾਰ ਮੂਰਤੀ ਦੀ ਲੰਬਾਈ, ਚੌੜਾਈ ਦੇ ਅਨੁਪਾਤ ਰਾਹੀ ਸੰਤੁਲਨ ਦਾ ਧਿਆਨ ਰੱਖ ਦੇ ਪੱਥਰ ਘੜ ਕੇ ਮੂਰਤੀਆਂ ਤਿਆਰ ਕਰਦਾ ਹੈ। ਉਸੇ ਪ੍ਰਕਾਰ ਇੱਕ ਸੰਗੀਤਕਾਰ ਸੰਗੀਤਕ ਸੈਲੀਆਂ ਧਰੁਪਦ, ਧਮਾਰ, ਟੱਪੇ ਅਤੇ ਠੁਮਰੀ ਆਦਿ ਵਿੱਚ ਸੰਤੁਲਨ ਦਾ ਧਿਆਨ ਰੱਖਕੇ ਸਰੋਤਿਆਂ ਸਾਹਮਣੇ ਪੇਸ਼ ਕਰਦਾ ਹੈ। ਭਾਰਤ ਵਿੱਚ ਕੁਝ ਗੁਫਾਵਾਂ ਵਿੱਚ ਸੰਗੀਤ ਨਾਲ ਸੰਬੰਧਿਤ ਮੂਰਤੀਆਂ ਮਿਲੀਆਂ ਹਨ। ਪਿੱਤਲ ਖੇੜਾ ਦੀਆਂ ਗੁਫਾਵਾਂ ਵਿੱਚ ਸਪਤ ਤੰਤਰੀ ਵੀਣਾ ਦੇ ਚਿੱਤਰ ਪ੍ਰਾਪਤ ਹੋਏ ਹਨ। ਭੁਵਨੇਸ਼ਵਰ ਦੀਆਂ ਮੂਰਤੀਆਂ ਵਿੱਚ ਵੀ ਸੰਗੀਤ ਦੀ ਝਲਕ ਮਿਲਦੀ ਹੈ। ਸੰਗੀਤ ਅਤੇ ਮੂਰਤੀਕਲਾ ਦਾ ਸੰਬੰਧ ਸਾਨੂੰ ਇਨ੍ਹਾਂ ਉਦਾਹਰਨਾਂ ਤੋਂ ਸਪਸ਼ਟ ਹੋ ਜਾਂਦਾ ਹੈ।

4. **ਸੰਗੀਤ ਅਤੇ ਵਾਸਤੂਕਲਾ :** ਸੰਗੀਤ ਅਤੇ ਵਾਸਤੂਕਲਾ ਵਿੱਚ ਪੁਰਾਣੇ ਸਮੇਂ ਤੋਂ ਹੀ ਸੰਬੰਧ ਚੱਲਿਆ ਆ ਰਿਹਾ ਹੈ। ਕਿਹਾ ਜਾਂਦਾ ਹੈ ਕਿ ਭਵਨ ਨਿਰਮਾਣ ਕਲਾਕਾਰਾਂ ਨੇ ਸੰਗੀਤ ਤੋਂ ਅਨੁਪਾਤ ਦਾ



Downloaded from https:// www.studiestoday.com

Downloaded from https:// www.studiestoday.com

ਕ੍ਰਮ ਸਿੱਖਿਆ। ਸੰਗੀਤ ਵਿੱਚ ਜਿਵੇਂ ਸ਼ੜਜ ਪੰਚਮ ਦਾ ਅਨੁਪਾਤ ਹੈ। ਉਸ ਪ੍ਰਕਾਰ ਵਾਸਤੂਕਲਾ ਵਸਤੂਕਲਾ ਵਿੱਚ ਦੀਵਾਰਾਂ ਦੀ ਲੰਬਾਈ, ਉਚਾਈ, ਚੌੜਾਈ ਵਿੱਚ ਅਨੁਪਾਤ ਹੁੰਦਾ ਹੈ। ਮੁਸਲਿਮ ਕਾਲ ਤੋਂ ਜਿਵੇਂ ਵਾਸਤੂਕਲਾ ਦੇ ਵਿੱਚ ਪਰਿਵਰਤਨ ਆਉਂਦਾ ਰਿਹਾ, ਉਸੀ ਪ੍ਰਕਾਰ ਸੰਗੀਤ ਦੀਆਂ ਸ਼ੈਲੀਆਂ ਵਿੱਚ ਵੀ ਪਰਿਵਰਤਨ ਆਉਂਦਾ ਰਿਹਾ ਹੈ। ਅਕਬਰ ਦੇ ਸਮੇਂ ਵਿੱਚ ਵਾਸਤੂ ਕਲਾ ਆਪਣੇ ਸਿਖਰ ਤੇ ਸੀ ਅਤੇ ਸੰਗੀਤ ਵਿੱਚ ਧਰੁਪਦ ਗਾਇਨ ਸ਼ੈਲੀ ਪੂਰੀ ਤਰ੍ਹਾਂ ਪ੍ਰਫੁੱਲਤ ਸੀ। ਅਕਬਰ ਤੋਂ ਬਾਅਦ ਸ਼ਾਹਜਹਾਂ ਦੇ ਸਮੇਂ ਵਿੱਚ ਵਾਸਤੂਕਲਾ ਵਿੱਚ ਸਫ਼ੈਦ ਪੱਥਰ ਦਾ ਸਥਾਨ ਲਾਲ ਪੱਥਰ ਨੇ ਲੈ ਲਿਆ ਅਤੇ ਸੰਗੀਤ ਵਿੱਚ ਧਰੁਪਦ ਸ਼ੈਲੀ ਦੇ ਸਥਾਨ ਤੇ ਖਿਆਲ ਸ਼ੈਲੀ ਦਾ ਪ੍ਰਚਲਨ ਹੋਣ ਲੱਗ ਪਿਆ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਪੁਰਾਣੇ ਸਮੇਂ ਤੋਂ ਹੀ ਸੰਗੀਤ ਦਾ ਸੰਬੰਧ ਕਾਵਿ ਕਲਾ, ਮੂਰਤੀ ਕਲਾ ਅਤੇ ਵਸਤੂਕਲਾ ਨਾਲ ਅਟੁੱਟ ਰਿਹਾ ਹੈ। ਸੰਗੀਤ ਦੇ ਪ੍ਰਗਟਾਵੇ ਦਾ ਮਾਧਿਅਮ ਸੂਖਮ ਹੋਣ ਕਾਰਨ, ਇਸਨੂੰ ਸਰਵ ਸ੍ਰੇਸ਼ਠ ਕਲਾ ਦਾ ਦਰਜਾ ਮਿਲਿਆ ਹੈ।

## ਪਾਠ-ਅਭਿਆਸ

### ਵਸਤੂ ਨਿਸ਼ਨ ਪ੍ਰਸ਼ਨ —

1. ਲਲਿਤ ਕਲਾ ਤੋਂ ਕੀ ਭਾਵ ਹੈ ?
2. ਲਲਿਤ ਕਲਾਵਾਂ ਦੇ ਨਾਂ ਦੱਸੋ ?
3. ਸਵਰ ਸ੍ਰੇਸ਼ਠ ਕਲਾ ਕਿਹੜੀ ਹੈ ?
4. ਸੰਗੀਤ ਕਲਾ ਵਿੱਚ ਭਾਵ ਪ੍ਰਗਟਾਵੇ ਦਾ ਸਾਧਨ ਕੀ ਹੈ ?
5. ਚਿੱਤਰਕਲਾ ਵਿੱਚ ਭਾਵ ਪ੍ਰਗਟਾਵੇ ਦਾ ਸਾਧਨ ਕੀ ਹੈ ?
6. ਵਾਸਤੂਕਲਾ ਨੇ ਸੰਗੀਤ ਕਲਾ ਤੋਂ ਕੀ ਸਿੱਖਿਆ ?

**ਅਧਿਆਪਕ ਲਈ**

ਅਧਿਆਪਕ ਵਿਦਿਆਰਥੀਆਂ ਤੋਂ ਲਲਿਤ ਕਲਾਵਾਂ ਨਾਲ ਸੰਬੰਧਿਤ ਵਿਸ਼ੇ ਤੇ ਚਾਰਟ ਬਣਵਾ ਕੇ ਜਮਾਤ ਵਿੱਚ ਲਗਵਾਉਣ।



Downloaded from https:// www.studiestoday.com

Downloaded from https:// www.studiestoday.com

# ਜੀਵਨੀਆਂ ਪਾਠ 8

## i. ਬੜੇ ਗੁਲਾਮ ਅਲੀ ਖਾਂ



ਭਾਰਤੀ ਸੰਗੀਤ ਦੇ ਠੁਮਰੀ ਅੰਗ ਗਾਉਣ ਦੇ ਬਾਦਸ਼ਾਹ, ਤਾਨਾਂ ਦੇ ਬਾਦਸ਼ਾਹ ਨੂੰ ਸੰਗੀਤ ਵਿੱਚ ਰੁਚੀ ਰੱਖਣ ਵਾਲਾ ਹਰ ਵਿਅਕਤੀ, ਅਧਿਆਪਕ ਵਿਸੇ ਲੰਬੇ ਕੱਦ ਵਾਲੇ, ਮਧੁਰ ਤੇ ਸੁਰੀਲੀ ਆਵਾਜ ਵਾਲੇ ਮਹਾਨ ਕਲਾਕਾਰ ਨੂੰ ਕੌਣ ਨਹੀਂ ਜਾਣਦਾ।

**ਜਨਮ ਅਤੇ ਸਿੱਖਿਆ :** ਬੜੇ ਗੁਲਾਮ ਅਲੀ ਖਾਂ ਦਾ ਜਨਮ ਸੰ: 2 ਅਪਰੈਲ, 1902 ਨੂੰ ਲਾਹੌਰ ਵਿੱਚ ਹੋਇਆ। ਇਹਨਾਂ ਦੇ ਪਿਤਾ ਅਲੀ ਬਖਸ ਇਕ ਦਰਬਾਰੀ ਗਾਇਕ ਸਨ। ਸਾਲ ਦੀ ਉਮਰ ਤੋਂ ਹੀ ਇਹਨਾਂ ਦੇ ਪਿਤਾ ਨੇ ਪਟਿਆਲਾ ਦੇ ਉਸਤਾਦ ਕਾਲੇ ਖਾਂ ਕੋਲ ਸੰਗੀਤ ਸਿਖਣ ਲਈ ਭੇਜ ਦਿੱਤਾ। ਕਾਲੇ ਖਾਂ ਇਹਨਾਂ ਦੇ ਰਿਸ਼ਤੇ ਵਿਚੋਂ ਚਾਚਾ ਲਗਦੇ ਸਨ। ਇਹਨਾਂ ਕੋਲ ਇਹਨਾਂ ਨੇ ਤਿੰਨ ਸਾਲ ਸਿੱਖਿਆ ਪ੍ਰਾਪਤ ਕੀਤੀ। ਅਚਾਨਕ ਕਾਲੇ ਖਾਂ ਦੀ ਮੌਤ ਹੋ ਜਾਣ ਕਰਕੇ ਇਹਨਾਂ ਬਾਕੀ ਰਹਿੰਦੀ ਸਿੱਖਿਆ ਆਪਣੇ ਪਿਤਾ ਅਤੇ ਬੰਬਈ ਦੇ ਸਿੰਧੀ ਖਾਂ ਕੋਲੋਂ ਲਈ। 22 ਸਾਲ ਦੀ ਉਮਰ ਤੱਕ ਇਹਨਾਂ ਨੇ ਬਹੁਤ ਲਗਨ ਨਾਲ ਖਿਆਲ ਅੰਸ ਦੀਆਂ ਬਾਰੀਕੀਆਂ ਨੂੰ ਸਮਝਿਆ। ਇਸ ਤਰ੍ਹਾਂ ਇਹਨਾਂ ਨੇ ਪਟਿਆਲਾ ਘਰਾਣੇ ਨੂੰ ਇਕ ਨਵਾ ਜੀਵਨ ਦਿੱਤਾ।



Downloaded from https:// www.studiestoday.com

Downloaded from https:// www.studiestoday.com

**ਗਾਇਕੀ ਅੰਗ :** ਇਹਨਾਂ ਦੀ ਗਾਇਕੀ ਨੂੰ ਜਿਸ ਨੇ ਸੁਣੀਆ ਹੈ ਉਹ ਉਹਨਾਂ ਦੇ ਕੰਠ ਤੋਂ ਬਹੁਤ ਪ੍ਰਭਾਵਿਤ ਹੋਇਆ ? ਠੁਮਰੀ ਗਾਇਕੀ ਵਿੱਚ ਜਿਹਨੀ ਚੜਤ ਇਹਨਾਂ ਦੀ ਰਹੀ ਹੋਰ ਕੋਈ ਗਾਇਕੀ ਦੀ ਨਹੀਂ ਰਹੀ। ਇਹ ਖਿਆਲ, ਠੁਮਰੀ ਦੇ ਨਾਲ ਗਜ਼ਲ ਗਾਣ ਵਿੱਚ ਵੀ ਪੁਰੇ ਨਿਪੁੰਨ ਸਨ। ਖਾਂ ਸਾਹਿਬਾ ਨੂੰ ਪਰੰਪਰਾਗਤ ਰਾਗਾਂ ਵਿੱਚ ਹੀ ਗਾਇਕੀ ਦੀ ਪ੍ਰਦਰਸ਼ਨ ਕਰਨਾ ਚੰਗਾ ਲਗਦਾ ਜਿਵੇਂ : ਕਲਿਆਣ ਬਿਲਾਵਲ, ਭੁਪਾਲੀ, ਭੈਰਵੀ, ਮਾਲਕੌਂਸ਼, ਪੁਰੀਆ ਬਿਹਾਗ ਕੇਦਾਰ ਆਦਿ ਰਾਗ। ਠੁਮਰੀ ਬਾਰੇ ਇਹਨਾਂ ਦੇ ਇਹ ਵਿਚਾਰ ਸਨ ਕਿ ਠੁਮਰੀ ਦਾ ਇਕ ਅਪਣਾ ਹੀ ਸੁਭਾਅ ਤੇ ਵਿਸ਼ੇਸ਼ਤਾ ਹੈ। ਇਹ ਪੰਜਾਬ ਤੇ ਪੁਰਵੀ ਅੰਗ ਦੀ ਹੈ। ਇਹ ਆਪਣੀ ਗਾਇਕੀ ਦੇ ਸਾਲ ਕਾਸ਼ਤਰੰਗ, ਬਾਸੁੰਰੀ ਹਰਮੋਨੀਅਮ ਤਬਲਾ, ਦਿਲਰੁਬਾ, ਜਲਤਰੰਗ ਆਦਿ ਵਾਦਾ ਦਾ ਪ੍ਰਯੋਗ ਕਰਦੇ ਸਨ।

**ਖਾਂ ਸਾਹਿਬ ਦੇ ਪ੍ਰੋਗਰਾਮ :** ਖਾਂ ਸਾਹਿਬ ਨੇ ਆਪਣੀ ਗਾਇਕੀ ਦਾ ਪ੍ਰਦਰਸ਼ਨ ਕੇਵਲ ਪੰਜਾਬ ਵਿੱਚ ਹੀ ਨਹੀਂ ਬਲਕਿ ਪੂਰੇ ਭਾਰਤ ਵਿੱਚ ਕੀਤਾ। ਸੰ: 1922 ਵਿੱਚ "ਪ੍ਰਿੰਸ ਆਫ ਬੇਲਸ" ਫਿਰ ਸੰ: 1925 ਵਿੱਚ ਲਖਨਊ ਦੇ ਭਾਰਤੀ ਸੰਗੀਤ ਸੰਮੇਲਨ ਵਿੱਚ ਸੀ। 1936 ਵਿੱਚ ਕਲਕਤਾ ਦੇ ਸੰਗੀਤ ਸਮੇਲਨ ਵਿੱਚ ਭਾਗ ਲਿਆ। ਸੰਨ 1940 ਵਿਚ ਕਲਕਤਾ ਦੇ ਗਯਾ ਦੀ ਪਹਿਲੀ ਮਿਊਜਿਕ ਕਾਨਫਰੇਂਸ ਵਿੱਚ ਭਾਗ ਲਿਆ। ਖਾਂ ਸਾਹਿਬ ਪੰਜਾਬ ਦੇ ਨਾਲ ਬੰਬਈ ਰੇਡੀਉਤੇ ਵੀ ਆਪਣੇ ਪ੍ਰੋਗਰਾਮ ਦਿੰਦੇ ਰਹੇ। ਮਹਾਤਮਾ ਗਾਂਧੀ ਨੇ ਇਹਨਾਂ ਦਾ ਸੰਗੀਤ ਸੁਣਕੇ ਇਹਨਾਂ ਨੂੰ ਪੱਤਰ ਲਿਖਿਆ। ਇਹਨਾਂ ਦੀ ਠੁਮਰੀ, ਗਜ਼ਲ, ਖਿਆਲ, ਗਾਇਕੀ ਦੀ ਰਿਕਾਰਡ ਹੁਣ ਵੀ ਸੁਣਨ ਨੂੰ ਮਿਲਦੇ ਹਨ।

**ਸਵਰਗਵਾਸ :** ਖਾਂ ਦੀ 23 ਅਪ੍ਰੈਲ 1968 ਇਸ ਦੁਨੀਆ ਤੋਂ ਵਿਦਾ ਲਈ ਇਹਨਾਂ ਦੀ ਮੌਤ ਦਾ ਸੰਗੀਤ ਜਗਤ ਨੂੰ ਬਹੁਤ ਹੀ ਘਾਟਾ ਹੋਇਆ। ਪਰੰਤੂ ਇਹਨਾਂ ਦੀ ਗਾਇਕੀ ਦਾ ਅੰਦਾਜ ਸੰਗੀਤਕਾਰਾਂ ਨੂੰ ਨਵਾ ਜੀਵਨ ਦਿੰਦਾ ਰਹੇਗਾ।

**ਸਾਰਾਂਸ :** ਪੰਜਾਬ ਅੰਗ ਦੀ ਠੁਮਰੀ ਨੂੰ ਸਿਖਰਾ ਦੇ ਪਹੁਚਾਣ ਦਾ ਸਿਹਰਾ ਖਾਂ ਸਾਹਿਬ ਨੂੰ ਜਾਂਦਾ ਹੈ। ਇਹਨਾਂ ਦੀ "ਕਾ ਕਰੂ ਸਜਨੀ ਆਏ ਨਾ ਬਾਲਮ" ਯਾਦ ਪਿਆ ਕੀ ਆਵੇ। ਸਭ ਦਿਨ ਆਏ, ਮੁਗਲੇ ਆਜ਼ਮ ਫਿਲਮ ਵਿੱਚ "ਪ੍ਰੇਮ ਜੋਬਨ ਬਨ ਕੇ" ਕਦੇ ਨਾ ਭੁਲਣ ਵਾਲੀਆਂ ਠੁਮਰੀਆਂ ਹਨ। ਸਵਰਾਂ ਤੇ ਅਧਿਕਾਰ, ਅਵਾਜ਼ ਵਿੱਚ ਮਧੁਰਤਾ, ਲੈਅ ਤੇ ਅਧਿਕਾਰ, ਦੇ ਨਾਲ ਉਹਨਾਂ ਵਿੱਚ ਇਹ ਵਿਸ਼ੇਸ਼ਤਾ ਸੀ ਕੀ ਉਹ ਕਠਿਨ ਤੋਂ ਕਠਿਨ ਹਰਕਤ ਵੀ ਗਲੇ ਤੋਂ ਬੜੀ ਅਸਾਨੀ ਨਾਲ ਕਰ ਲੈਂਦੇ ਸਨ। ਇਹਨਾਂ ਦੀ ਯਾਦ ਵਿੱਚ ਇਹਨਾਂ ਦੇ ਇਕ ਸ਼ਿਸ਼ ਮਾਲਤੀ ਗਿਲਾਨੀ ਨੇ ਗੁਲਾਮ ਅਲੀ ਖਾਂ ਸਭਾ ਬਣਾਈ ਹੈ। "ਵੈਦਾਗਬਾਦ ਵਿੱਚ ਬਾਸ਼ੀਰ ਬਾਗ ਵਿੱਚ ਇਕ ਮੁੱਖ ਸੜਕ ਦਾ ਨਾਂ ਵੀ ਗੁਲਾਮ ਅਲੀ ਖਾਂ ਤੇ ਇਹਨਾਂ ਦੇ ਸਮਾਨ ਤੇ ਰਖਿਆ ਗਿਆ ਹੈ।

ਆਪ ਨੂੰ ਸੰਗੀਤ ਨਾਟਕ ਅਕੈਡਮੀ ਅਵਾਰਡ ਅਤੇ 1962 ਵਿੱਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ। ਲੋਕ ਖਾਂ ਸਾਹਿਬ ਨੂੰ ਰੰਗੀਲਾ ਗਵਾਈਆ ਕਹਿ ਕੇ ਯਾਦ ਕਰਨਗੇ।



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

### ਵਸਤੂ ਨਿਸ਼ਠ ਪ੍ਰਸ਼ਨ

1. ਖਾਂ ਸਾਹਿਬ ਦਾ ਜਨਮ ਕਦੋਂ ਤੇ ਕਿਥੇ ਹੋਇਆ ?
2. ਪੰਜਾਬੀ ਠੁਮਰੀ ਦੇ ਬਾਦਸ਼ਾਹ ਕੌਣ ਸਨ ?
3. ਖਾਂ ਸਾਹਿਬ ਦੀ ਮੌਤ ਕਿਹੜੇ ਸੰਨ ਵਿੱਚ ਹੋਈ ?
4. ਇਨ੍ਹਾਂ ਦੀ ਇਕ ਪ੍ਰਸਿਧ ਠੁਮਰੀ ਦਾ ਨਾਂ ਲਿਖੋ ?
5. ਖਾਂ ਸਾਹਿਬ ਦਾ ਬੰਬਈ ਰੇਡਿਉ ਤੇ ਪ੍ਰੋਗਰਾਮ ਸੁਣਨ ਤੇ ਉਹਨਾਂ ਨੂੰ ਕਿਸਨੇ ਪੱਤਰ ਲਿਖਿਆ ?
6. ਖਾਂ ਸਾਹਿਬ ਨੇ ਕਿਹੜੀ ਹਿੰਦੀ ਫਿਲਮ ਵਿੱਚ ਠੁਮਰੀ ਗਾਇਨ ਕੀਤੀ ?

**ਅਧਿਆਪਕ ਲਈ**

1. ਬੜੇ ਗੁਲਾਮ ਅਲੀ ਖਾਂ ਦਾ ਚਿੱਤਰ ਲਗਾਕੇ ਉਹਨਾਂ ਦੀ ਜੀਵਨ ਬਾਰੇ ਚਾਟ ਬਨਵਾਉਣਾ
2. ਖਾਂ ਸਾਹਿਬ ਤੋਂ ਇਲਾਵਾ ਹੋਰ ਠੁਮਰੀ ਅੰਗ ਦੇ ਗਾਇਕਾ ਦੇ ਨਾਂ ਦਸਣੇ।



Downloaded from https:// www.studiestoday.com

Downloaded from https:// www.studiestoday.com

## (ii) ਭੀਮ ਸੇਨ ਜੋਸ਼ੀ

### "ਮਿਲੇ ਸੁਰ ਮੇਰਾ ਤੁਮਹਾਰਾ, ਤੋ ਸੁਰ ਬਨੇ ਹਮਾਰਾ"



ਭੀਮ ਸੇਨ ਜੋਸ਼ੀ

ਇਸ ਮਹਾਨ ਸ਼ਾਸਤਰੀ ਸੰਗੀਤਕਾਰ ਦਾ ਜਨਮ 4 ਫਰਵਰੀ 1922 ਨੂੰ ਕਰਨਾਟਕ ਦੇ ਉੱਤਰੀ ਭਾਗ ਧਾਰਵਾੜ ਜਿਲਾ ਗਡਰਾ ਨਾਮਕ ਇਕ ਕਸਬੇ ਕੰਨਡੰਗਾ ਪਰਿਵਾਰ ਵਿੱਚ ਪੰਡਿਤ ਭੀਮਸੇਨ ਜੋਸ਼ੀ ਦਾ ਜਨਮ ਹੋਇਆ। ਸੋਲ੍ਹਾਂ ਭਾਈ ਭੈਣਾਂ ਵਿਚੋਂ ਭੀਮਸੇਨ ਸਬ ਤੋਂ ਵੱਡੇ ਸਨ। ਬਚੱਪਨ ਵਿੱਚ ਮਾਤਾ ਦਾ ਦੇਹਾਂਤ ਹੋਣ ਦੇ ਕਾਰਣ ਦੂਜੀ ਮਾਤਾ ਨੇ ਇਨ੍ਹਾਂ ਦਾ ਪਾਲਨ-ਪੋਸ਼ਣ ਕੀਤਾ। 1944 ਵਿੱਚ ਇਨ੍ਹਾਂ ਦੀ ਸ਼ਾਦੀ ਸੁੰਨੱਦਾ ਕਾਟੀ ਨਾਲ ਹੋਈ ਜਿਨ੍ਹਾਂ ਤੋਂ ਚਾਰ ਪੁੱਤਰ ਹੋਏ, ਦੋ ਪੁੱਤਰ ਰਾਘੇਵੇਦ੍ਰੰ ਅਤੇ ਆਨੰਦ ਜੋਸ਼ੀ , ਇਹ ਵੀ ਸ਼ਾਸਤਰੀ ਗਾਇਕ ਹਨ। ਕੁਝ ਸਮੇਂ ਬਾਅਦ ਇੱਕ ਸਾਥੀ ਕਲਾਕਾਰ 'ਵਤਸੱਲਾ ਮੁਧਾਲਕਰ' ਨਾਲ ਵਿਆਹ ਹੋਇਆ, ਜਿਨ੍ਹਾਂ ਤੋਂ ਦੋ ਪੁੱਤਰ ਜਯੰਤ ਅਤੇ ਸ਼੍ਰੀ ਨਿਵਾਸ ਅਤੇ ਇਕ ਪੁੱਤਰੀ 'ਸ਼ੁਭਧਾ' ਹੋਏ। ਵੱਡਾ ਪੁੱਤਰ ਪੇਂਟਰ ਹੈ ਅਤੇ ਛੋਟਾ ਸ਼੍ਰੀ ਨਿਵਾਸ ਜੋਸ਼ੀ, ਗਾਇਕ ਅਤੇ ਇਕ ਅੱਛੇ ਕੰਪੋਜ਼ਰ ਹਨ।

ਇਨ੍ਹਾਂ ਦੇ ਪਿਤਾ ਗੁਰੁਰਾਜ ਜੋਸ਼ੀ ਸਕੂਲ ਵਿੱਚ ਇੱਕ ਅਧਿਆਪਕ ਸਨ। ਪਿਤਾ ਨੂੰ ਸੰਗੀਤ ਵਿੱਚ ਕੋਈ ਰੁਚੀ ਨਹੀਂ ਸੀ। ਪਿਤਾ ਦੇ ਮਨ੍ਹਾਂ ਕਰਨ ਦੇ ਬਾਵਜੂਦ ਭੀਮਸੇਨ ਨੂੰ ਬਚਪਨ ਤੋਂ ਹੀ ਤਾਨਪੁਰ ਅਤੇ ਹਰਮੋਨੀਅਮ ਵਜਾਉਣਾ ਅੱਛਾ ਲਗਦਾ ਸੀ ਅਤੇ ਅਕੱਸਰ ਘਰ ਤੋਂ ਬਾਹਰ ਆ ਕੇ ਭਜਨ ਆਦਿ ਸੁਣਦੇ ਸਨ। ਪਿਤਾ ਦੇ ਵਿਰੋਧ ਦੇ ਬਾਵਜੂਦ ਇਸ ਉਭਰਦੇ ਹੋਏ ਕਲਾਕਾਰ ਨੂੰ ਕੋਈ ਅੱਗੇ ਵੱਧਣ ਤੋਂ ਰੋਕ ਨਾ ਸਕਿਆ।

ਉਸਤਾਦ ਅਬਦੁੱਲ ਕਰੀਮ ਖਾਂ ਦੀ ਰਾਗ ਝਿਝੌਟੀ ਵਿੱਚ ਗਾਈ ਠੁਮਰੀ ਨੇ ਭੀਮਸੇਨ ਜੋਸ਼ੀ ਨੂੰ ਇਨ੍ਹਾਂ ਪ੍ਰਭਾਵਿਤ ਕੀਤਾ ਕਿ ਉਨ੍ਹਾਂ ਨੂੰ ਇਕ ਨਵੇਂ ਮੌੜ ਤੇ ਲਿਆ ਕੇ ਖੜਾ ਕਰ ਦਿੱਤਾ ਅਤੇ ਭੀਮਸੇਨ ਤੋਂ



Downloaded from https:// www.studiestoday.com

Downloaded from https:// www.studiestoday.com

ਸਮਪੂਰਣ (ਪੂਰਾ) ਭਾਰਤ ਦਾ 'ਰਤਨ' ਬਣਾ ਦਿੱਤਾ। 1933 ਵਿੱਚ ਮਾਤਰ ਗਿਆਰਾਂ ਸਾਲ ਦੀ ਉਮਰ ਵਿੱਚ ਗੁਰੂ ਦੀ ਤਲਾਸ਼ ਵਿੱਚ ਘਰੋਂ ਭੱਜ (ਦੌੜ) ਗਏ। ਪਹਿਲਾ ਧਾਰਵਾੜ, ਪੂਨਾ, ਮੁੰਬਈ ਫੇਰ ਗਵਾਲੀਅਰ ਪੁੱਜੇ। ਪ੍ਰਸਿੱਧ ਸਰੋਦ ਵਾਦਕ ਹਾਫਿਜ ਅਲੀ ਖਾਂ ਦੀ ਮਦਦ ਨਾਲ ਉਥੋ ਦੇ ਮਹਾਰਾਜਾ ਰਾਹੀਂ ਸੰਚਾਲਿਤ ਮਾਧਵ ਸੰਗੀਤ ਵਿਦਿਆਲਾਂ ਵਿੱਚ ਹਿੰਦੂਸਤਾਨੀ ਸੰਗੀਤ ਵਿਦਿਆ ਦਾ ਆਰੰਭ ਹੋਇਆ। ਫੇਰ ਵੀ ਉਹ ਗੁਰੂਤਰ ਸਿਖਿਆ ਲਈ ਪੂਰੇ ਉੱਤਰ ਭਾਰਤ ਵਿੱਚ ਭਟਕਦੇ ਰਹੇ, ਦੂਜੇ ਪਾਸੇ ਪਿਤਾ ਪੁੱਤਰ ਦੀ ਤਲਾਸ਼ ਵਿੱਚ ਭਟਕਦੇ ਰਹੇ। ਆਖਿਰ ਜਲੰਧਰ (ਪੰਜਾਬ) ਵਿੱਚ ਪਿਤਾ ਜੀ ਨੇ ਪੁੱਤਰ ਨੂੰ ਲਬ (ਢੂੰਢ) ਲਿਆ ਅਤੇ ਘਰ ਵਾਪਿਸ ਲੈ ਆਏ। ਪਿਤਾ ਜੀ ਨੇ ਭੀਮਸੇਨ ਦੀ ਸੰਗੀਤ ਪ੍ਰਤੀ ਐਨੀ ਲਲਕ ਅਤੇ ਲਗਨ ਨੂੰ ਦੇਖਦੇ ਹੋਏ 1936 ਵਿੱਚ ਵਿਧਿਵੱਤ ਸੰਗੀਤ ਸਿਖਿਆ ਦੀ ਵਿਵਸਥਾ ਕਰ ਦਿਤੀ। ਆਖਿਰ 'ਕਿਰਾਨਾ ਘਰਾਨਾ' ਦੇ 'ਭੀਮਸੇਨ' ਬਣ ਗਏ।

ਉਤਰ ਪ੍ਰਦੇਸ਼ ਦੇ 'ਕਿਰਾਨਾ ਪਿੰਡ' ਵਿੱਚ ਉਸਤਾਦ ਅਬਦੁੱਲ ਕਰੀਮ ਅਤੇ ਅਬਦੁੱਲ ਵਰੀਦ ਖਾਂ ਨੇ ਕਿਰਾਨਾ ਘਰਾਨਾ ਦੀ ਨਿਉਂ ਰਖੀ। ਉਸਤਾਦ ਅਬਦੁਲ ਕਰੀਮ ਖਾਂ ਦੇ ਸ਼ਿਸ਼ ਪੰਡਿਤ ਰਾਮ ਭਾਊ ਕੁੰਡਗੋਲਕਰ (ਧਾਰਵਾੜ) ਉਰਫ ਸਵਾਂਈ ਗੰਧਰਵ ਇਨ੍ਹਾਂ ਦੇ ਸ਼ਿਸ਼ ਸਨ। ਇਨਹਾਂ ਸਵਾਂਈ ਗੰਧਰਵ ਤੋਂ 1936 ਵਿੱਚ ਪੰਡਿਤ ਭੀਮਸੇਨ ਜੋਸ਼ੀ ਨੇ ਸੰਗੀਤ ਸਿਖਿਆ ਸ਼ੁਰੂ ਕੀਤੀ ਜਿਹੜੀ ਚਾਰ ਸਾਲ ਤਕ ਚਲੀ। ਘਰ ਵਿੱਚ ਰਹਿ ਕੇ ਗੁਰੂ ਪਰੰਪਰਾ ਨੂੰ ਕਾਇਮ ਰਖਦੇ ਹੋਏ ਸੰਗੀਤ ਸਿਖਿਆ।

ਭੀਮਸੇਨ ਦੀ ਆਵਾਜ਼ ਗੰਭੀਰ ਪਰੰਤੂ ਖਨਕਦਾਰ ਦਾਰ, ਦਮਦਾਰ ਪਰ ਦਿਲ ਨੂੰ ਛੂਹਣ ਵਾਲੀ, ਸਾਂਹ ਤੇ ਕਮਾਲ ਦਾ ਨਿਅੰਤ੍ਰਣ (ਕਾਬੂ) ਸੰਗੀਤ ਦੀ ਸੂਖਮ ਸੂਝ, ਸਾਫ ਸਧਾ ਹੋਇਆ ਸਪਸ਼ਟ ਅਤੇ ਪ੍ਰਭਾਵਸ਼ਾਲੀ ਉਚਾਰਣ, ਖਟਕਾ, ਮੁਰਕੀ ਦਾ ਗਜ਼ਬ ਸੰਤੁਲਨ ਅਤੇ ਉਨ੍ਹਾਂ ਦੀਆਂ ਮੁਰਕੀਆਂ ਤਾਂ ਭਾਵ ਵਿਭੋਰ ਕਰ ਦਿੰਦੀਆਂ ਸਨ। ਇਕ ਹੀ ਸਾਂਹ ਵਿੱਚ ਲੰਬੀਆਂ ਤਾਨਾਂ ਦੀ ਲੜੀ ਪਿਰੋਨਾ ਅਦਭੁੱਤ ਪੂਰਣ ਰਿਆਜ਼ ਦਾ ਪ੍ਰਮਾਣ ਸੀ। ਪੰਡਿਤ ਜੀ ਨੇ ਅਪਨੇ ਘਰਾਨੇ ਦੀ ਸ਼ੁਦੱਤਾ ਨਾਲ ਸਮਝੌਤਾ ਕਿਤੇ ਬਿਨਾਂ ਨਵੀਂ ਅਤੇ ਅਪਣੀ ਚੀਜ਼ਾਂ ਨੂੰ ਗਾਇਕੀ ਵਿੱਚ ਜੋੜੀਆਂ ਪਰ ਇਹ ਚੀਜ਼ਾਂ ਅਤੇ ਪਰਿਵਰਤਨ ਘਰਾਨੇ ਨੂੰ ਹੋਰ ਜ਼ਿਆਦਾ ਅਮੀਰ ਜਾਂ ਉੱਚਾ ਚੁਕਣਾ ਬਣਾਉਣ ਵਾਲੀਆਂ ਸਨ ਅਤੇ ਦਿਲ ਦੇ ਸਾਫ ਵਿਅਕਤੀਤਵ ਵਾਲੇ ਇੰਸਾਨ ਸਨ।

ਇਹ ਕਾਰ ਚਲਾਨਾ, ਤੈਰਨਾ ਫੁੱਟਬਾਲ ਦੇ ਵੀ ਸੌਕੀਨ ਸਨ।

1941 ਵਿੱਚ ਇਨ੍ਹਾਂ ਦੇ ਵਿਕਾਸ ਦੀ ਸ਼ੁਰੂਆਤ ਹੋਈ ਜਦੋਂ ਉਨਾਂ ਨੇ ਸਿੱਧਾ ਪ੍ਰਸਾਰਣ ਦਿੱਤਾ। ਉਸੀ ਸਾਲ H.M.V ਰਿਕਾਰਡ ਕੰਪਨੀ ਨੇ ਇਨ੍ਹਾਂ ਦੇ ਭਜਨ ਕੰਨੜ ਅਤੇ ਹਿੰਦੀ ਭਾਸ਼ਾ ਵਿੱਚ ਰਿਕਾਰਡ ਕੀਤੇ। ਅਤੇ ਫਿਰ 1943 ਵਿੱਚ ਮੁੰਬਈ ਆ ਗਏ, ਅਤੇ ਉਹ ਉਥੇ (Radio Artist) ਰੇਡੀਉ ਆਰਟਿਸਟ ਬਣ ਗਏ। ਉਨ੍ਹਾਂ ਦਾ ਭਗਤੀ ਸੰਗੀਤ ਵਿਸ਼ੇਸ਼ ਤੌਰ ਤੇ ਜਾਨਿਆ ਜਾਂਦਾ ਹੈ। ਭਜਨ ਸੰਗ੍ਰਿਹ 'ਦਾਸ ਵਾਣੀ' ਵਿਸ਼ੇਸ਼ ਮਹੱਤਵਪੂਰਣ ਹੈ। ਖਿਆਲ ਗਾਇਕੀ, ਠੁਮਰੀ ਅਤੇ ਨਾਟ-ਸੰਗੀਤ ਵਿੱਚ ਇਨ੍ਹਾਂ ਦਾ ਕੋਈ ਸਾਨੀ ਨਹੀਂ।

ਸ਼ੁਧ ਸ਼ਾਸਤਰੀ ਗਾਇਕੀ ਵਿੱਚ ਭੀਮਸੇਨ ਜੋਸ਼ੀ ਗਾਇਨ ਕਰਦੇ ਸਨ। ਉਨਾਂ ਦੇ ਮਨਭਾਉਂਦੇ



Downloaded from https:// www.studiestoday.com

Downloaded from https:// www.studiestoday.com

ਰਾਗ, ਸ਼ੁਧਕਲਿਆਣ ਮਾਲਕੌਂਸ, ਦਰਬਾਰੀ ਕਾਹਨੜਾ, ਮੀਆਂ ਕੀ ਤੋੜੀ, ਮੁਲਤਾਨੀ ਆਦਿ ਪ੍ਰਮੁੱਖ ਹਨ। ਇਨ੍ਹਾਂ ਰਾਹੀਂ ਗਾਏ ਰਾਗ, ਠੁਮਰੀ, ਖਿਆਲ-ਗਾਇਨ, ਵਚਨ, ਅਭੰਗ ਅਰਥਾਤ ਜੋ ਕੋਈ ਵੀ ਸ਼ੈਲੀ ਗਾਉਂਦੇ ਉਨ੍ਹਾਂ ਵਿੱਚ ਅਦਭੁੱਤ ਰੰਗ ਭਰ ਦਿੰਦੇ ਸਨ।

ਭੀਮਸੇਨ ਨੇ ਕਈ ਫ਼ਿਲਮਾਂ ਵਿੱਚ ਵੀ ਗਾਇਨ ਦਿੱਤਾ।

| | |
|---|---|
| 1956 | ਬਸੰਤਬਹਾਰ |
| 1958 | ਤਾਨਸੇਨ |
| 1973 | ਬੀਰਬਲ ਮਾਈਂ ਬ੍ਰਦਰ |
| 1985 | ਅਨਕਰੀ |

ਫਿਲਮਾਂ ਵਿੱਚ ਵੀ ਉਨ੍ਹਾਂ ਨੇ ਆਪਣੀ ਹੀ ਗਾਇਕੀ ਨੂੰ ਪ੍ਰਸਤੂਤ ਕੀਤਾ।

ਭੀਮਸੇਨ ਜੋਸ਼ੀ ਨੇ ਕਲਾਸ੍ਰੀ ਅਤੇ ਲਲਿਤ ਭਟਿਆਰ ਨਾਮਕ ਰਾਗਾਂ ਦੀ ਰਚਨਾ ਕੀਤੀ।

ਗੁਰੂ ਸਵਾਂਈ ਗੰਧਰਵ ਦੀ ਯਾਦ ਵਿੱਚ 1953 ਵਿੱਚ ਭੀਮਸੇਨ ਨੇ ਸਵਾਂਈ ਗੰਧਰਵ ਸੰਗੀਤ ਸਮਾਰੋਹ ਦਾ ਆਯੋਜਨ ਕੀਤਾ ਜਿਹੜਾ ਕਿ ਹਰ ਸਾਲ ਦਿਸੰਬਰ ਦੇ ਦੂਜੇ ਹਫਤੇ ਵਿੱਚ 'ਪੂਨੇ' 'ਮਹਾਰਾਸ਼ਟਰਾ' ਵਿੱਚ ਮਨਾਇਆ ਜਾਂਦਾ ਹੈ। ਇਹ ਸੰਗੀਤ ਸੰਮੇਲਨ ਹਿੰਦੂਸਤਾਨੀ ਸੰਗੀਤ ਪ੍ਰੇਮਿਆਂ ਵਿੱਚ ਬਹੁਤ ਹੀ ਲੋਕਪ੍ਰਿਅ ਹੈ। ਇਸ ਸੰਮੇਲਨ ਦਾ ਆਯੋਜਨ 1953 ਤੋਂ 2002 ਤਕ ਖੁਦ ਕੀਤਾ ਸੀ। ਇਸ ਤੋਂ ਇਲਾਵਾ ਬਹੁਤ ਸਾਰੀਆਂ ਥਾਵਾਂ ਤੇ ਵੀ ਸੰਗੀਤ ਸੰਮੇਲਨ ਆਯੋਜਿਤ ਕੀਤੇ ਅਤੇ ਖ਼ੂਬ ਨਾਮ ਕਮਾਇਆ। ਇਸ ਤੋਂ ਬਾਅਦ ਇਨਾਂ ਨੇ ਪਿਛੇ ਮੁੜ ਕੇ ਨਹੀਂ ਦੇਖਿਆ ਅਤੇ ਸੰਗੀਤ ਦੀਆਂ ਉਚਾਈਆਂ ਨੂੰ ਛੂੰਦੇ ਗਏ ਅਤੇ 1984 ਵਿੱਚ ਉਹ ਪਹਿਲਾ ਹਿੰਦੂਸਤਾਨੀ ਸੰਗੀਤਕਾਰ ਬਣਿਆ ਜਿਸ ਨੂੰ (Platinam Disc) ਪਲੈਟਿਨਮ ਡਿਸਕ ਇਨਾਮ ਵਜੋਂ ਪ੍ਰਾਪਤ ਕੀਤੀ।

ਆਪਣੇ ਜੀਵਨ ਵਿੱਚ ਭਗਤੀ ਸੰਗੀਤ ਦੇ ਨਾਲ–ਨਾਲ ਦੇਸ਼ ਭਗਤੀ ਦਾ ਸੰਗੀਤ ਵੀ ਦਿੱਤਾ, ਜੋ ਸਰੋਤੀਆਂ ਰਾਹੀਂ ਪਸੰਦ ਕੀਤੇ ਜਾਂਦੇ ਸਨ। ਇਨ੍ਹਾਂ ਵਿਚੋਂ ਪ੍ਰਮੁਖ ਰਾਸ਼ਟਰੀ ਏਕਤਾ ਦਾ ਗੀਤ–'ਮਿਲੇ ਸੁਰ ਮੇਰਾ ਤੁਮਹਾਰਾ, ਤੋ ਸੁਰ ਬਨੇ ਹਮਾਰਾ'। 1988 ਵਿਚ ਇਹ ਕੁਝ ਸੇਕੰਡ ਦੀ ਇਹ ਰਿਕਾਰਡਿੰਗ ਹੋਈ ਤਾਂ ਉਸ ਸਮੇਂ ਪੰਡਿਤ ਜੀ ਨੇ ਸੋਚਿਆ ਵੀ ਨਾ ਹੋਵੇਗਾ ਕਿ ਰਾਸ਼ਟਰੀ ਏਕਤਾ ਦੇ ਇਸ ਸੰਦੇਸ਼ ਗੀਤ ਨੇ ਉਨ੍ਹਾਂ ਦੀ ਕਰੀਬ ਸੱਤ ਦਸ਼ਕ ਦੀ ਇਸ ਸੰਗੀਤ ਸਾਧਨਾ ਦਾ ਇਹ ਮੀਲ–ਪੱਥਰ ਸਾਬਿਤ ਹੋਵੇਗਾ। ਇਸ ਗੀਤ ਵਿੱਚ ਭੀਮਸੇਨ ਜੋਸ਼ੀ ਦੀ ਗਾਇਕੀ ਨੇ ਦੇਸ਼ਵਾਸੀਆਂ ਵਿੱਚ ਰਾਸ਼ਟਰ ਭਗਤੀ ਦਾ ਇੱਕ ਨਵਾਂ ਜਜ਼ਬਾ ਪੈਦਾ ਕੀਤਾ।

ਸ਼ਾਸਤਰੀ ਸੰਗੀਤ ਦੀ ਇਨ੍ਹਾਂ ਉਚਾਈਆਂ ਤਕ ਪਹੁੰਚਣ ਤੇ ਇਸ ਮਹਾਨ ਕਲਾਕਾਰ ਨੂੰ ਅਸੰਖ (ਅਣਗਿਣਤ) ਪੁਰਸਕਾਰਾਂ ਅਤੇ ਸਮਾਨਾਂ ਨਾਲ ਅਲੰਕ੍ਰਿਤ ਕੀਤਾ।

1. 1972 ਪਦਮ ਸ਼੍ਰੀ
2. 1976 ਸੰਗੀਤ ਨਾਟਕ ਅਕਾਦਮੀ ਪੁਰਸਕਾਰ
3. 1985 ਪਦਮ ਭੂਸ਼ਣ



Downloaded from https:// www.studiestoday.com

Downloaded from https:// www.studiestoday.com

4. 1985 ਰਾਸ਼ਟਰੀ ਫਿਲਮ ਪੁਰਸਕਾਰ (ਸਰਵ ਸ੍ਰੇਸ਼ਟ ਪਾਰਸ਼ਵ ਗਾਇਨ ਦੇ ਲਈ)
5. 1984/1986 ਪਲੈਟੀਨਮ ਡਿਸਕ
6. 1999 'ਪਦਮ ਵਿਭੂਸ਼ਣ'
7. 2000 'ਆਦਿੱਤਅ ਵਿਕਰਮ ਬਿਰਲਾ ਕਲਾ ਸ਼ਿਖਰ ਪੁਰਸਕਾਰ'
8. 2002 'ਮਹਾਰਾਸ਼ਟਰ ਭੁਸ਼ਣ'
9. 2003 ਸਵਾਥੀ ਸੰਗੀਥਾ ਪੁਰਸਕਾਰਮ
10. 2005 ਕਰਨਾਟਕ ਰਤਨ
11. 2008 ਸਵਾਮੀ ਹਰੀਦਾਸ ਅਵਾਰਡ
12. 2009 ਭਾਰਤ ਰਤਨ
13. 2010 ਲਾਈਫ ਟਾਈਮ ਅਚੀਵਮੈਂਟ ਅਵਾਰਡ (ਦਿੱਲੀ ਸਰਕਾਰ ਰਾਹੀਂ)
14. ਜਨਵਰੀ 2011 ਐਸ. ਵੀ. ਨਾਰਾਅਣ ਸਵਾਮੀ ਰਾਵ ਨੈਸ਼ਨਲ ਅਵਾਰਡ (ਰਾਮਾ ਸਵਾਮੀ ਸੰਡਲੀ ਆਫ ਬੈਂਗੰਲਰ)

ਦੇਸ਼ ਦੀ ਆਵਾਜ਼ ਬਣ ਚੁਕੀਆ ਉਹ 'ਭਾਰਤਰਤਨ' ਪੰਡਿਤ ਭੀਮਸੇਨ ਜੋਸ਼ੀ 24 ਜਨਵਰੀ 2011 ਨੂੰ 89 ਸਾਲ ਦੀ ਉਮਰ ਵਿੱਚ 'ਪੂਨੇ' ਵਿੱਚ ਸਾਨੂੰ ਸਭ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

ਸ਼ਾਸਤਰੀ ਗਾਇਕੀ ਨੂੰ ਭਾਵ ਅਤੇ ਪ੍ਰਭਾਵਪੂਰਣ ਬਣਾਉਣ ਦਾ ਉਹਨਾਂ ਦੀ ਪ੍ਰ. ਕੋਸ਼ਿਸ਼ ਅਤੇ ਸਾਧਨਾ ਹਮੇਸ਼ਾ ਸਮਰਣੀਆ (ਯਾਦ) ਰਵੇਗਾ। ਅਤੇ ਸੰਗੀਤ ਦੇ ਭੀਮਸੇਨ ਦੇ ਸਵਰ ਯੂਗਾ ਤਕ ਗੂੰਜਣਗੇ:

"ਮਿਲੇ ਸੁਰ ਮੇਰਾ ਤੁਮਹਾਰਾ, ਤੋ ਸੁਰਬਨੇ ਹਮਾਰਾ
ਸੁਰ ਦੀ ਨਦੀਆਂ, ਬਾਦਲੋ ਕਾ ਰੂਪ ਲੇ ਕੇ ਬਰਸੇ ਹਲਕੇ ਹਲਕੇ।"

## ਪਾਠ-ਅਭਿਆਸ

### ਵਸਤੂ ਨਿਸ਼ਠ ਪ੍ਰਸ਼ਨ —

1. ਭੀਮ ਸੇਨ ਜੋਸ਼ੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
2. ਇਹਨਾਂ ਦੇ ਪਿਤਾ ਦਾ ਨਾਂ ਕੀ ਸੀ?
3. ਭੀਮ ਸੇਨ ਜੋਸ਼ੀ ਕਿੜੇ ਘਰਾਨੇ ਨਾਲ ਸਬੰਧਤ ਸਨ?
4. 1956 ਵਿੱਚ ਇਹਨਾਂ ਨੇ ਕਿਹੜੀ ਫਿਲਮ ਵਿੱਚ ਗਾਇਨ ਕੀਤਾ?
5. 1943 ਵਿੱਚ ਉਹ ਕਿੱਥੇ ਆ ਕੇ ਰੇਡੀਉ ਆਰਟਿਸ਼ਟ ਬਣੇ?
6. 1953 ਵਿੱਚ ਕਿਹੜੇ ਸੰਗੀਤ ਸੰਮੇਲਨ ਦਾ ਆਯੋਜਨ ਕੀਤਾ?
7. 2010 ਵਿੱਚ ਆਪ ਨੂੰ ਕਿਹੜਾ ਅਵਾਰਡ ਮਿਲਿਆ?
8. ਆਪ ਕਿਹੜੇ ਸੰਨ ਵਿੱਚ ਸੰਸਾਰ ਨੂੰ ਅਲਵਿਦਾ ਕਹਿ ਗਏ?

**ਅਧਿਆਪਕ ਲਈ**

ਵਿਦਿਆਰਥੀਆਂ ਤੋਂ ਭੀਮ ਸੇਨ ਜੋਸ਼ੀ ਦੀ ਤਸਵੀਰ ਲਗਾਕੇ ਉਹਨਾਂ ਦੇ ਜੀਵਨ ਬਾਰੇ ਚਾਰਟ ਬਣਵਾਉਣਾ



Downloaded from https:// www.studiestoday.com

Downloaded from https:// www.studiestoday.com

## (iii) ਪ੍ਰੋ: ਬਲਦੇਵ ਸ਼ਰਨ ਨਾਰੰਗ



ਪ੍ਰੋ: ਬਲਦੇਵ ਸ਼ਰਨ ਨਾਰੰਗ

ਹਿੰਦਸਤਾਨੀ ਸ਼ਾਸਤਰੀ ਸੰਗੀਤ ਦੇ ਖੇਤਰ ਵਿਚੋਂ ਬਲਦੇਵ ਸ਼ਰਨ ਨਾਰੰਗ ਇੱਕ ਪ੍ਰਸਿੱਧ ਸੰਗੀਤਕਾਰ ਵਜੋਂ ਜਾਣੇ ਜਾਂਦੇ ਹਨ। ਆਪ ਨੂੰ ਬਚਪਨ ਤੋਂ ਹੀ ਆਪਣੇ ਘਰ ਵਿੱਚ ਸੰਗੀਤਕ ਮਾਹੌਲ ਮਿਲਿਆ, ਇਸ ਦੇ ਨਾਲ ਹੀ ਆਪਨੇ ਅਪਣੀ ਅਥੱਕ ਸਾਧਨਾ ਅਤੇ ਅਭਿਆਸ ਨਾਲ ਆਪਣੀ ਕਲਾ ਨੂੰ ਉੱਚ ਸਿਖਰ ਤੱਕ ਪਹੁੰਚਾਇਆ। ਆਪਣੇ ਸ਼ਾਸ਼ਤਰੀ ਸੰਗੀਤ ਦੇ ਖੇਤਰ ਵਿਚੋਂ ਆਪਣੀ ਇੱਕ ਵਿਲੱਖਣ ਸ਼ਖਸ਼ੀਅਤ ਬਣਾਈ।

**ਜਨਮ ਤੇ ਸੰਗੀਤ ਸਿੱਖਿਆ :** ਆਪ ਜੀ ਦਾ ਜਨਮ ਨਕੋਦਰ, ਪੰਜਾਬ (ਭਾਰਤ) ਵਿੱਚ ਜੂਨ 1945 ਨੂੰ ਹੋਇਆ ਆਪ ਜੀ ਦੇ ਪਿਤਾ ਪੰ. ਕੇਸਰ ਚੰਦ ਇੱਕ ਉੱਘੇ ਸੰਗੀਤਕਾਰ ਅਤੇ ਮਾਤਾ ਮਲਾਵੀ ਦੇਵੀ ਇੱਕ ਧਾਰਮਿਕ ਔਰਤ ਸਨ। ਆਪ ਜੀ ਦੀ ਸੰਗੀਤ ਸਿੱਖਿਆ ਬਾਲ ਅਵਸਥਾ ਵਿੱਚ ਹੀ ਪਿਤਾ ਅਤੇ ਗੁਰੂ ਸ੍ਰੀ ਕੇਸ ਚੰਦ ਦੀ ਅਗਵਾਈ ਹੇਠ ਸ਼ੁਰੂ ਹੋ ਗਈ ਸੀ। ਸੰਗੀਤਕ ਵਾਤਾਵਰਨ ਵਿੱਚ ਪਾਲਣ ਪੋਸ਼ਣ ਹੋਣ ਕਰਕੇ ਸੰਗੀਤ ਪ੍ਰਤੀ ਆਪ ਦੀ ਰੁਚੀ ਹੋਣਾ ਸੁਭਾਵਿਕ ਹੀ ਸੀ। ਕਈ ਪ੍ਰਸਿੱਧ ਕਲਾਕਾਰ ਬਰਕਤ ਸਿੱਧੂ, ਬਿਅੰਤ ਸਿੰਘ "ਬਿਜਲੀ", ਅਮਰਨਾਥ ਆਦਿ ਆਪ ਜੀ ਦੇ ਪਿਤਾ ਕੋਲੋਂ ਸੰਗੀਤ ਸੰਬੰਧੀ ਸਿੱਖਿਆ ਅਤੇ ਧਾਰਮਿਕ ਪੁਸਤਕਾਂ ਆਦਿ ਬਾਰੇ ਜਾਣਕਾਰੀ ਲੈਣ ਆਇਆ ਕਰਦੇ ਸਨ। ਉਦੋਂ ਤੋਂ ਹੀ ਉਹਨਾਂ ਕਲਾਕਾਰਾਂ ਵਲੋਂ ਆਪ ਨੂੰ ਸੰਗੀਤ ਪ੍ਰਤੀ ਉਤਸ਼ਾਹਿਤ ਕੀਤਾ ਜਾਂਦਾ ਸੀ ਜਿਸ ਕਰਕੇ ਆਪ ਬਚਪਨ ਵਿੱਚ ਹੀ ਸੰਗੀਤ ਦੀ



Downloaded from https:// www.studiestoday.com

Downloaded from https:// www.studiestoday.com

ਜਟਿਲਤਾ ਨੂੰ ਕੁਸ਼ਲਤਾ ਪੂਰਵਕ ਸਮਝਣ ਲੱਗ ਪਏ। ਇਸ ਤੋਂ ਇਲਾਵਾ ਆਪ ਜੀ ਦੇ ਘਰ ਜੋਸ਼ ਮਲਗਿਆਨੀ, ਕਿਰਪਾਲ ਸਿੰਘ, ਦੀਦਾਰ, ਸਾਧੂ ਸਿੰਘ ਹਮਦਰਦ, ਗੁਰਦਾਸ ਰਾਮ ਆਲਮ ਆਦਿ ਕਵੀਆਂ ਦਾ ਆਉਣਾ ਜਾਣਾ ਸੀ, ਆਪ ਉਹਨਾਂ ਦੀ ਉੱਘੀ ਸ਼ਖਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਹਨਾਂ ਦੀ ਸੰਗਤ ਦਾ ਆਨੰਦ ਪ੍ਰਾਪਤ ਕਰਦੇ ਸੀ। ਲਗਭਗ 6 ਸਾਲ ਦੀ ਉਮਰ ਵਿੱਚ ਅਪਨੇ ਬਹੁਤ ਸਾਰੇ ਰਾਗ ਆਪਣੇ ਪਿਤਾ ਤੋਂ ਸੁਣ ਕੇ ਕੰਠ ਕਰ ਲਏ ਸਨ ਜੋ ਆਪ ਦੀ ਜਨਮਜਾਤ ਸੰਗੀਤਕ ਪ੍ਰਤਿਭਾ ਦਾ ਨਮੂਨਾ ਹਨ।

ਆਪਨੇ ਸਕੂਲੀ ਸਿੱਖਿਆ ਏ.ਐਸ.ਹਾਈ ਸਕੂਲ, ਨਕੋਦਰ ਤੋਂ ਪ੍ਰਾਪਤ ਕੀਤੀ। ਦੋਆਬਾ ਕਾਲਜ, ਜਲੰਧਰ ਤੋਂ ਆਪ ਨੇ ਬੀ.ਏ. ਅਤੇ ਡੀ.ਏ.ਵੀ ਕਾਲਜ ਜਲੰਧਰ ਤੋਂ ਐਮ ਏ (ਰਾਜਨੀਤੀ ਸ਼ਾਸਤਰ) ਦੀ ਡਿਗਰੀ ਪ੍ਰਾਪਤ ਕੀਤੀ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸਕੂਲ ਅਤੇ ਕਾਲਜ ਤੋਂ ਸਿੱਖਿਆ ਪ੍ਰਾਪਤੀ ਦੌਰਾਨ ਇਹਨਾਂ ਨੇ ਸੰਗੀਤ ਨੂੰ ਕਦੇ ਵੀ ਵਿਸ਼ੇ ਦੇ ਰੂਪ ਵਿੱਚ ਨਹੀਂ ਲਿਆ, ਪਰ ਫਿਰ ਵੀ ਸੰਗੀਤ ਦੇ ਪ੍ਰਤੀ ਆਪ ਦੀ ਪ੍ਰਤਿਭਾ ਅਦਭੁਤ ਸੀ। ਆਪ ਨੇ ਯੁਵਕ ਮੇਲੇ (Youth Festival) ਅਤੇ ਹੋਰ ਸੰਗੀਤਕ ਮੁਕਾਬਲਿਆਂ ਵਿੱਚ ਸ਼ਾਸਤਰੀ ਅਤੇ ਸੁਗਮ ਸੰਗੀਤ ਪ੍ਰਤਿਯੋਗਤਾਵਾਂ ਵਿੱਚ ਭਾਗ ਲਿਆ ਅਤੇ ਇਨਾਮ ਪ੍ਰਾਪਤ ਕੀਤੇ। ਬਾਅਦ ਵਿੱਚ ਆਪਨੇ ਐਮ.ਏ. ਸੰਗੀਤ ਵੀ ਕੀਤੀ। ਆਪਦੇ ਪਿਤਾ ਪੰ. ਕੇਸਰ ਚੰਦ ਪੰਜਾਬ ਦੇ ਉੱਘੇ ਸੰਗੀਤਕਾਰ ਸਨ ਤੇ ਆਪ ਦੇ ਪਹਿਲੇ ਗੁਰੂ ਵੀ ਸਨ। ਇਹਨਾਂ ਤੋਂ ਇਲਾਵਾ ਆਪਨੇ ਕ੍ਰਮਵਾਰ ਉਸਤਾਦ ਕਰਮ ਸਿੰਘ 'ਚਕ੍ਰਵਰਤੀ', ਡਾ. ਐਸ. ਐਲ. ਮਿਸ਼ਰਾ ਤੇ ਪੰ. ਕੇ. ਐਲ. ਜਸਰਾ ਦੀ ਸਰਪ੍ਰਸਤੀ ਹੇਠ ਸੰਗੀਤ ਸਿੱਖਿਆ ਹਾਸਿਲ ਕੀਤੀ।

**ਸੰਗੀਤ ਪ੍ਰੋਗਰਾਮ:** ਸੰਗੀਤ ਪ੍ਰਤੀ ਆਪ ਦੀ ਲਗਨ ਦਾ ਸ਼ਿਵਰਾਤਰੀ ਦੇ ਮੇਲੇ ਉੱਤੇ ਵਾਪਰੀ ਘਟਨਾ ਤੋਂ ਪਤਾ ਲਗਦਾ ਹੈ। ਜਦੋਂ ਆਪ ਦੀ ਉਮਰ ਲਗਪਗ 7-8 ਸਾਲ ਸੀ। ਸ਼ਿਵਰਾਤਰੀ ਦੇ ਮੇਲੇ ਦੀ ਰਾਤ ਸੀ ਅਤੇ ਸੰਗੀਤਕਾਰਾਂ ਨੂੰ ਉਹਨਾਂ ਦੀ ਪ੍ਰਸਤੁਤੀ ਤੋਂ ਬਾਅਦ ਫੁੱਲਾਂ ਦੀ ਮਾਲਾ ਨਾਲ ਸਨਮਾਨਿਤ ਕੀਤਾ ਜਾ ਰਿਹਾ ਸੀ। ਉਦੋਂ ਇੱਕ ਬੱਚਾ (ਬਲਦੇਵ ਨਾਰੰਗ) ਸਰੋਤਿਆਂ ਵਿੱਚ ਖੜਾ ਹੈਰਾਨ ਸੀ ਕਿ ਉਸਨੂੰ ਫੁੱਲਾਂ ਦਾ ਹਾਰ ਕਿਉਂ ਨਹੀਂ ਮਿਲਿਆ। ਉਸਦੀ ਮਾਂ ਉਸਨੂੰ ਸ਼ਾਂਤ ਕਰਨ ਲਈ ਸਮਝਾ ਰਹੀ ਸੀ ਕਿ ਜੇਕਰ ਉਹ ਮਿਹਨਤ ਕਰੇਗਾ ਅਤੇ ਵਧੀਆ ਗਾਵੇਗਾ ਤਾਂ ਇੱਕ ਦਿਨ ਉਸਨੂੰ ਵੀ ਬਹੁਤ ਸਾਰੇ ਹਾਰਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਚੁਨੌਤੀ ਨੇ ਬਾਲਕ ਨਾਰੰਗ ਦੇ ਮਨਵਿੱਚ ਸਿੱਖਣ ਦੀ ਲਗਨ ਪੈਦਾ ਕਰ ਦਿੱਤੀ ਅਤੇ ਇਸ ਲਗਨ ਸਦਕਾ ਉਹਨਾਂ ਸੰਗੀਤ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ।

ਸਭ ਤੋਂ ਪਹਿਲਾਂ ਸੰਗੀਤ ਪ੍ਰੋਗਰਾਮ ਆਪ ਨੇ ਨੌਂ ਸਾਲ ਦੀ ਉਮਰ ਵਿੱਚ ਵਿਅਕਤੀਗਤ ਰੂਪ (Solo Performence) ਵਿੱਚ ਦਿੱਤਾ। ਇਸ ਪ੍ਰਸਤੁਤੀ ਤੋਂ ਪ੍ਰਭਾਵਿਤ ਹੋ ਕੇ ਸ. ਅਜੀਤ ਮੁਤਲਾਸੀ ਨੇ ਕਿਹਾ, "ਨਾਰੰਗ ਨੇ ਰਾਗ ਨੂੰ ਪੂਰੀ ਨਿਪੁੰਨਤਾ ਨਾਲ ਗਾਇਆ ਹੈ।" 10 ਸਾਲ ਦੀ ਉਮਰ ਵਿੱਚ ਬਾਬਾ



Downloaded from https:// www.studiestoday.com

Downloaded from https:// www.studiestoday.com

ਸੌਮਗਿਰੀ ਦੇ ਅਸ਼ੀਰਵਾਦ ਸਦਕਾ ਸ਼ਿਵਰਾਤਰੀ ਦੇ ਮੇਲੇ ਤੇ ਆਪ ਨੇ ਰਾਗ ਦੇਸ਼ਕਾਰ ਗਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਅਤੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ ਕਿਉਂਕਿ "ਮੋਹਨ ਜਾਗੋ ਮਨ ਹਰਵਾ" ਬੰਦਿਸ਼ ਇੱਕ 10 ਸਾਲ ਦੇ ਬੱਚੇ ਲਈ ਗਾਉਣੀ ਅਤਿਅੰਤ ਕਠਿਨ ਹੈ। ਪਰੰਤੂ ਆਪ ਨੇ ਇਸ ਬੰਦਿਸ਼ ਨੂੰ ਇਸ ਤਰ੍ਹਾਂ ਗਾਇਆ ਜਿਵੇਂ ਕੋਈ ਸੰਗੀਤ ਦਾ ਮਹਾਨ ਕਲਾਕਾਰ ਗਾ ਰਿਹਾ ਹੋਵੇ।

ਇਸ ਤੋਂ ਬਾਅਦ ਆਪ ਨੇ ਸੰਗੀਤ ਪ੍ਰੋਗਰਾਮਾਂ ਦੀ ਇੱਕ ਲੜੀ ਹੀ ਬੰਨ ਦਿੱਤੀ। ਆਪ ਨੇ ਭਾਰਤ ਵਿੱਚ ਬਾਬਾ ਹਰਿਵੱਲਭ ਸੰਗੀਤ ਸੰਮੇਲਨ (ਜਲੰਧਰ), ਸਪਤਸਵਰ (ਦਿੱਲੀ), ਫੋਰਟ ਵਿਲੀਅਮ (ਕੋਲਕੱਤਾ), ਸੰਗੀਤ ਸੰਮੇਲਨ (ਮੁੰਬਈ), ਆਦਿ ਅਤੇ ਵਿਦੇਸ਼ਾਂ ਵਿੱਚ ਲੰਡਨ, ਬਰਸਿੰਘਮ, ਸਕਾਟਲੈਂਡ, ਬਰਾਟਫੋਰਡ, ਵੇਲਜ, ਇਟਲੀ ਆਦਿ ਵਿੱਚ ਸੰਗੀਤ ਪ੍ਰੋਗਰਾਮ ਕੀਤੇ ਅਤੇ ਆਪਣੀ ਕਲਾ ਪ੍ਰਦਰਸ਼ਨ ਨਾਲ ਸ੍ਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਸੰਗੀਤ ਕਲਾ ਦੇ ਨਿਪੁੰਨ ਤੇ ਮਾਹਰ, ਪ੍ਰੋ. ਨਾਰੰਗ ਸ਼ਾਸ਼ਤਰੀ ਸੰਗੀਤ ਦੀਆਂ ਭਿੰਨ-ਭਿੰਨ ਗਾਇਨ ਸ਼ੈਲੀਆਂ ਜਿਵੇਂ ਸ਼ਾਸਤਰੀ ਖਿਆਲ ਗਾਇਨ (ਪੰਜਾਬੀ ਸੂਫੀਆਨਾ ਬੰਦਿਸ਼), ਠੁਮਰੀ, ਭਜਨ, ਗਜ਼ਲ ਆਦਿ ਦੇ ਬੇਜੋੜ ਕਲਾਕਾਰ ਹਨ।

**ਸਨਮਾਨ ਅਤੇ ਉਪਾਧੀਆਂ:** ਬੀ. ਐਸ. ਨਾਰੰਗ ਜੀ ਨੂੰ ਇੱਕ ਸ੍ਰੇਸ਼ਠ ਗਾਇਕ ਦੇ ਰੂਪ ਵਿੱਚ 'ਹਿੰਦੁਸਤਾਨੀ ਸ਼ਾਸਤਰੀ ਸੰਗੀਤ' ਵਿੱਚ ਬੜੀ ਪ੍ਰਸਿੱਧੀ ਮਿਲੀ। ਸੰਗੀਤ ਦੇ ਖੇਤਰ ਵਿੱਚ ਭਿੰਨ-ਭਿੰਨ ਸੰਸਥਾਵਾਂ ਤੋਂ ਮਿਲੇ ਪੁਰਸਕਾਰ, ਸਨਮਾਨ ਉਪਾਧੀਆਂ ਆਪ ਨੂੰ ਉੱਚ ਕੋਟੀ ਦਾ ਸੰਗੀਤਕਾਰ ਪ੍ਰਮਾਣਿਤ ਕਰਦੀਆਂ ਹਨ:

- ਉਸਤਾਦ ਸਲਾਮਤ ਅਲੀ-ਨਜਾਕਤ ਅਲੀ ਅਵਾਰਡ।
- ਪੰਜਾਬ ਅਕਾਦਮੀ ਪੁਰਸਕਾਰ।
- ETC ਪੰਜਾਬੀ ਚੈਨਲ ਅਵਾਰਡ।
- ਸੰਗੀਤ ਕਲਾ ਮੰਚ ਵਲੋਂ 'ਸੁਰਮਨੀ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।
- ਪੰਜਾਬ ਸਰਕਾਰ ਵਲੋਂ Life Time Achievement ਪੁਰਸਕਾਰ ਮਿਲਿਆ।
- ਮੁੱਖ ਮੰਤਰੀ ਪੰਜਾਬ, ਤੇ ਹਰਿਆਣਾ ਦੇ ਗਵਰਨਰ ਵਲੋਂ ਸਨਮਾਨਿਤ ਕੀਤਾ ਗਿਆ।
- ਭਾਰਤੀ ਸੰਸਕ੍ਰਿਤਕ ਸੰਸਥਾ (ਰਜਿ.) ਵਲੋਂ 'ਲੋਕ ਕਲਾ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।
- ਆਪ ਕਈ ਚੋਣ ਕਮੇਟੀਆਂ ਦੇ ਮੈਂਬਰ ਹਨ।
- ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਦੇ "ਏ ਗਰੇਡ" ਕਲਾਕਾਰ ਹਨ।
- ਇੱਕ ਰਿਸੋਰਸ ਪਰਸਨ (Resource Person) ਦੇ ਤੌਰ ਤੇ ਆਪ ਨੇ ਕਈ ਕਾਲਜਾਂ ਅਤੇ ਵਿਸ਼ਵ ਵਿਦਿਆਲਯ ਵਿਚੋਂ ਲੈਕਚਰ ਦਿੱਤੇ।

**ਸ਼ਾਗਿਰਦ:** ਪ੍ਰੋ. ਬੀ. ਐਸ. ਨਾਰੰਗ ਜੀ ਇੱਕ ਉੱਘੇ ਸੰਗੀਤਕਾਰਾਂ ਦੇ ਨਾਲ ਨਾਲ ਇਕ ਵਧੀਆ ਸੰਗੀਤ ਸਿੱਖਿਅਕ ਵੀ ਹਨ। ਇਹਨਾਂ ਕਈ ਸਾਲ ਜਲੰਧਰ ਦੇ ਡੀ.ਏ.ਵੀ ਕਾਲਜ ਵਿੱਚ ਬਤੌਰ ਸੰਗੀਤ ਮੁਖੀ ਦੇ ਤੌਰ ਤੇ ਵਿਦਿਆਰਥੀਆਂ ਨੂੰ ਸੰਗੀਤ ਦੀ ਤਾਲੀਮ ਦਿੱਤੀ। ਬਹੁਤ ਸਾਰੇ ਪ੍ਰਸਿੱਧ ਕਲਾਕਾਰ ਹੰਸ ਰਾਜ ਹੰਸ,



Downloaded from https:// www.studiestoday.com

Downloaded from https:// www.studiestoday.com

ਜਸਬੀਰ ਜੱਸੀ, ਸਰਬਜੀਤ ਚੀਮਾ, ਦੇਸ ਰਾਜ, ਕੁਲਜੀਤ ਸਿੰਘ, ਤੇਜਵੰਤ ਕਿੱਟੂ, ਇਕਬਾਲ ਰਾਏ ਸੁਰਿੰਦਰਜੀਤ ਮਕਸੂਦਪੁਰ, ਨਿਕੋਲੋਸਨ ਅਫਤਾਬ ਅਤੇ ਹੋਰ ਕਈ ਕਲਾਕਾਰਾਂ ਨੇ ਆਪ ਪਾਸੋਂ ਸੰਗੀਤ ਦੀ ਸਿੱਖਿਆ ਹਾਸਿਲ ਕਰਕੇ ਸੰਗੀਤ ਦੇ ਖੇਤਰ ਵਿੱਚ ਨਾਮ ਕਮਾਇਆ। ਆਪ ਨੇ ਆਪਣੇ ਸ਼ਾਗਿਰਦਾਂ ਰਾਂਹੀ ਸੰਗੀਤਕ ਵਿਦਿਆ ਦੇ ਗਿਆਨ ਭਾਰਤ ਅਤੇ ਵਿਦੇਸ਼ਾਂ ਤੱਕ ਪ੍ਰਸਾਰ ਕੀਤਾ ਹੈ ਅਤੇ ਕਰ ਰਹੇ ਹੋ। ਵਰਤਮਾਨ ਸਮੇਂ ਵਿੱਚ ਆਪ ਜਲੰਧਰ ਵਿਖੇ ਰਹਿ ਰਹੇ ਹੋ ਆਪ ਦੀ ਗਾਇਕੀ ਪਟਿਆਲਾ ਅਤੇ ਹੋਰ ਘਰਾਨਿਆਂ ਦਾ ਪ੍ਰਤੀਨਿਧਤਵ ਕਰ ਰਹੀ ਹੈ। ਹਿੰਦੁਸਤਾਨੀ ਸੰਗੀਤ ਦੇ ਇਸ ਚਮਕਦੇ ਸਿਤਾਰੇ ਨੂੰ ਪ੍ਰਮਾਤਮਾ ਰਹਿੰਦੀ ਦੁਨੀਆ ਤੱਕ ਰੋਸ਼ਨ ਰੱਖੇ।

## ਪਾਠ-ਅਭਿਆਸ

**ਵਸਤੂ ਨਿਸ਼ਠ ਪ੍ਰਸ਼ਨ:**

1. ਪ੍ਰੋ: ਬਲਦੇਵ ਸ਼ਰਨ ਨਾਰੰਗ ਦਾ ਜਨਮ ਕਦੋਂ ਤੇ ਕਿਥੇ ਹੋਇਆ ?
2. ਆਪ ਦੇ ਪਿਤਾ ਦਾ ਨਾਂ ਕੀ ਹੈ ?
3. ਆਪ ਨੇ ਸਿੱਖਿਆ ਕਿਥੋ ਕਿਥੋਂ ਪ੍ਰਾਪਤ ਕੀਤੀ ?
4. ਸਭ ਤੋਂ ਪਹਿਲਾ ਆਪ ਨੇ ਕਿੰਨੀ ਉਮਰ ਵਿਚ ਆਪਣਾ ਸੰਗੀਤ ਦਾ ਪ੍ਰੋਗਰਾਮ ਦਿੱਤਾ
5. ਆਪ ਕਿਹੜੀ-ਕਿਹੜੀ ਗਾਇਨ ਸ਼ੈਲੀ ਵਿਚ ਮਾਹਿਰ ਹਨ ?
6. ਆਪ ਦੀ ਲਿਖੀ ਕਿਤਾਬ ਦਾ ਨਾਂ ਦੱਸੋ ?
7. ਪੰਜਾਬ ਸਰਕਾਰ ਵਲੋਂ ਆਪ ਨੂੰ ਕਿਹੜਾ ਪੁਰਸਕਾਰ ਦਿੱਤਾ ?

**ਅਧਿਆਪਕ ਲਈ**

ਵਿਦਿਆਰਥੀਆਂ ਨੂੰ ਪ੍ਰੋ: ਬਲਦੇਵ ਸ਼ਰਨ ਨਾਰੰਗ ਦੇ ਬਾਰੇ ਪੂਰੀ ਜਾਣਕਾਰੀ ਦਿੰਦੇ ਹੋਏ ਹੋਰ ਕਲਾਕਾਰਾਂ ਬਾਰੇ ਵੀ ਦੱਸਿਆ ਜਾਵੇ



Downloaded from https:// www.studiestoday.com

Downloaded from https:// www.studiestoday.com

## IV ਉਸਤਾਦ ਫੈਯਾਜ਼ ਖਾਂ



ਉਸਤਾਦ ਫੈਯਾਜ਼ ਖਾਂ

'ਆਫ਼ਤਾਬੇ ਮੌਸੀਕੀ' ਦੇ ਨਾਂ ਨਾਲ ਜਾਣੇ ਜਾਂਦੇ ਆਗਰਾ ਘਰਾਣੇ ਦੇ ਪ੍ਰਮੁੱਖ ਗਾਇਕ ਉ. ਫੈਯਾਜ਼ ਖਾਂ ਦੇ ਨਾਂ ਤੋਂ ਹਰੇਕ ਸੰਗੀਤ ਪ੍ਰੇਮੀ ਜਾਣੂ ਹੈ। ਉ. ਫੈਯਾਜ਼ ਖਾਂ ਆਪਣੇ ਸਮੇਂ ਦੇ ਨਾਮਵਰ ਗਾਇਕਾਂ ਵਿੱਚੋਂ ਇੱਕ ਸਨ। ਆਪ ਰਿਸ਼ਟ-ਪੁਸ਼ਟ ਸਰੀਰ ਦੇ ਮਾਲਕ ਸਨ ਅਤੇ ਦੇਖਣ ਵਿੱਚ ਕਿਸੇ ਪਹਿਲਵਾਨ ਤੋਂ ਘੱਟ ਨਹੀਂ ਲੱਗਦੇ ਸਨ। ਆਪ ਦਾ ਕੱਦ ਲਗਭਗ ਛੇ ਫੁੱਟ ਲੰਬਾ ਸੀ। ਆਪ ਦੇ ਉੱਠਣ-ਬੈਠਣ ਦੇ ਤਰੀਕੇ ਵਿੱਚ ਬਹੁਤ ਤਹਿਜ਼ੀਬ ਨਜ਼ਰ ਆਉਂਦੀ ਸੀ।

**ਜਨਮ ਅਤੇ ਸੰਗੀਤ ਸਿੱਖਿਆ :** ਉ. ਫੈਯਾਜ਼ ਖਾਂ ਦਾ ਜਨਮ ਆਗਰਾ ਦੇ ਨੇੜੇ ਸਿਕੰਦਰਾ ਵਿਖੇ ਸੰਨ 1886 ਵਿੱਚ ਹੋਇਆ। ਆਪ ਜੀ ਦੇ ਜਨਮ ਤੋਂ ਪਹਿਲਾਂ ਹੀ ਆਪ ਜੀ ਦੇ ਪਿਤਾ ਦੀ ਮੌਤ ਹੋ ਗਈ। ਆਪ ਦੇ ਪਿਤਾ ਦਾ ਨਾਂ ਸਫ਼ਦਰ ਹੁਸੈਨ ਖਾਂ ਸੀ। ਆਪ ਦੇ ਪਿਤਾ ਦੀ ਮੌਤ ਤੋਂ ਬਾਅਦ ਆਪ ਦੇ ਮਾਤਾ ਜੀ ਆਪਣੇ ਪੇਕੇ ਆ ਗਏ। ਆਪਨੇ ਸੰਗੀਤ ਦੀ ਸਿੱਖਿਆ ਆਪਣੇ ਨਾਨਾ ਗੁਲਾਮ ਅਬਾਸ ਖਾਂ ਸਾਹਿਬ ਤੋਂ ਪ੍ਰਾਪਤ ਕੀਤੀ। ਲੱਗਭੱਗ 25 ਸਾਲਾਂ ਦੀ ਉਮਰ ਤੱਕ ਆਪਨੇ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਇੱਕ ਨਾਮੀ ਗਾਇਕ ਦੇ ਤੌਰ ਤੇ ਉੱਭਰ ਕੇ ਸਾਹਮਣੇ ਆਏ। ਆਪਦੇ ਦਾਦਾ ਰੰਗੀਲਾ ਰਮਜ਼ਾਨ ਵੀ ਇੱਕ ਨਾਮਵਰ ਗਾਇਕ ਸਨ। ਇਸ ਲਈ ਆਪਦੀ ਗਾਇਕੀ ਵਿੱਚ ਰੰਗੀਲੇ ਅਤੇ ਆਗਰਾ ਘਰਾਣੇ ਦੀ ਗਾਇਕੀ ਦਾ ਮਿਸ਼ਰਣ ਮਿਲਦਾ ਸੀ।



Downloaded from https:// www.studiestoday.com

Downloaded from https:// www.studiestoday.com

**ਕਲਾ ਪ੍ਰਦਰਸ਼ਨ :** ਆਪ ਬਹੁਤ ਛੋਟੀ ਉਮਰ ਵਿੱਚ ਹੀ ਘਰਾਣੇਦਾਰ ਗਾਇਕਾਂ ਦੀ ਤਰ੍ਹਾਂ ਪ੍ਰਦਰਸ਼ਨ ਕਰਨ ਲੱਗ ਪਏ ਸਨ। ਇੱਕ ਵਾਰ ਬੰਬਈ ਵਿਖੇ ਇੱਕ ਸੰਗੀਤ ਕਾਨਫਰੰਸ ਹੋਈ। ਇਸ ਵਿੱਚ ਆਪ ਦੀ ਵਾਰੀ ਉਸ ਸਮੇਂ ਦੇ ਮੰਨੇ ਹੋਏ ਗਾਇਕ ਮੀਆਂ ਜਾਨ ਤੋਂ ਬਾਅਦ ਸੀ, ਜਿਨ੍ਹਾਂ ਤੋਂ ਬਾਅਦ ਕੋਈ ਗਾਉਣ ਦੀ ਹਿੰਮਤ ਨਹੀਂ ਕਰਦਾ ਸੀ। ਪਰ ਆਪ ਨੇ ਇਸ ਮਹਿਫਿਲ ਵਿੱਚ ਰਾਗ ਮੁਲਤਾਨੀ ਗਾ ਕੇ ਸਭ ਨੂੰ ਮੂਕ ਕਰ ਦਿੱਤਾ। ਮੀਆਂ ਜਾਨ ਨੇ ਆਪਦਾ ਗਾਇਨ ਸੁਣਕੇ ਆਪਨੂੰ ਗਲੇ ਲਗਾਇਆ ਅਤੇ ਆਪਦੀ ਖੂਬ ਤਾਰੀਫ਼ ਕੀਤੀ।

ਸੰਨ 1911 ਵਿੱਚ ਮੈਸੂਰ ਦੇ ਦਰਬਾਰ ਵਿੱਚ ਆਪ ਦਾ ਸੰਗੀਤ ਪ੍ਰੋਗਰਾਮ ਰੱਖਿਆ ਗਿਆ। ਆਪ ਦਾ ਗਾਇਨ ਸੁਣ ਕੇ ਮੈਸੂਰ ਦੇ ਮਹਾਰਾਜਾ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਆਪਨੂੰ 'ਆਫ਼ਤਾਬੇ-ਮੌਸੀਕੀ' ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਬੜੌਦਾ ਦੇ ਮਹਾਰਾਜ ਸਿਆਜੀਰਾਵ ਆਪਦੇ ਗਾਇਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਆਪਨੂੰ ਆਪਣੇ ਦਰਬਾਰੀ ਸੰਗੀਤਕਾਰ ਦੇ ਤੌਰ ਤੇ ਨਿਯੁਕਤ ਕਰ ਲਿਆ। ਬੜੌਦਾ ਵਿਖੇ ਹੀ ਆਪਨੇ ਦਰਬਾਰੀ ਸੰਗੀਤਕਾਰ ਦੇ ਤੌਰ ਤੇ ਨੌਕਰੀ ਕੀਤੀ। ਮਹਾਰਾਜਾ ਬੜੌਦਾ ਵੱਲੋਂ ਆਪ ਨੂੰ ਗਿਆਨ ਰਤਨ ਦੀ ਉਪਾਧੀ ਦਿੱਤੀ ਗਈ। ਆਪ ਮਹਾਰਾਜਾ ਬੜੌਦਾ ਦੀ ਆਗਿਆ ਨਾਲ ਸੰਗੀਤ ਸੰਮੇਲਨਾਂ ਵਿੱਚ ਹਿੱਸਾ ਲੈਂਦੇ ਰਹੇਅਤੇ ਆਪਣੀ ਕਲਾ ਪ੍ਰਦਰਸ਼ਨ ਨਾਲ ਆਪਣੇ ਸਰੋਤਿਆਂ ਦਾ ਮਨ ਮੋਹ ਲੈਂਦੇ ਸਨ। ਆਪ ਦਾ ਗਾਇਨ ਸੁਣਨ ਲਈ ਆਪ ਦੇ ਸਰੋਤਿਆਂ ਦੀ ਭੀੜ ਲੱਗ ਜਾਂਦੀ ਸੀ। ਆਪ ਸੁਭਾਅ ਦੇ ਵੀ ਬਹੁਤ ਜ਼ਿਆਦਾ ਚੰਗੇ ਅਤੇ ਖੁੱਲ੍ਹੇ ਸਨ। ਆਪ ਗੱਲਬਾਤ ਨਾਲ ਹੀ ਸਭ ਦਾ ਮਨ ਮੋਹ ਲੈਂਦੇ ਸਨ।

ਗਾਇਨ ਸ਼ੈਲੀ : ਉ. ਫੈਯਾਜ਼ ਖਾਂ ਦੀ ਗਾਇਨ ਸ਼ੈਲੀ ਵਿੱਚ ਆਗਰਾ ਘਰਾਣੇ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਸਨ। ਆਪ ਦਾ ਗਲਾ ਭਰਿਆ ਹੋਇਆ ਅਤੇ ਆਪ ਦੀ ਆਵਾਜ਼ ਬੁਲੰਦ ਸੀ। ਉ. ਫੈਯਾਜ਼ ਖਾਂ ਨੂੰ ਧਰੁਪਦ ਅਤੇ ਖਿਆਲ ਗਾਉਣ ਵਿੱਚ ਵਿਸ਼ੇਸ਼ ਮੁਹਾਰਤ ਹਾਸਿਲ ਸੀ। ਆਪ ਠੁਮਰੀ ਗਾਇਨ ਅਤੇ ਗਜ਼ਲ ਗਾਇਨ ਦੀ ਪੇਸ਼ਕਾਰੀ ਵੀ ਬਾਖੂਬੀ ਕਰਦੇ ਸਨ। ਖਿਆਲ ਗਾਇਨ ਵਿੱਚ ਆਪ ਧਰੁਪਦ ਗਾਇਨ ਦੀ ਤਰ੍ਹਾਂ ਨੋਮ ਤੋਮ ਦਾ ਅਲਾਪ ਕਰਦੇ ਸਨ। ਅਲਾਪ ਗਾਇਨ ਤੋਂ ਬਾਅਦ ਹੀ ਆਪ ਬੰਦਿਸ਼ ਸ਼ੁਰੂ ਕਰਦੇ ਸਨ। ਆਪ ਬੋਲ ਬਾਂਟ ਅਤੇ ਬੋਲਤਾਨ ਬਹੁਤ ਸੁੰਦਰ ਤਰੀਕੇ ਨਾਲ ਲੈਂਦੇ ਸਨ। ਤਾਨਾਂ ਬਹੁਤ ਹੀ ਸੁੰਦਰ ਅਤੇ ਸਪਸ਼ਟ ਤਰੀਕੇ ਨਾਲ ਲੈਂਦੇ ਸਨ। ਆਪ ਦੇ ਗਾਇਨ ਵਿੱਚ ਸੰਜਮ ਅਤੇ ਨਿਯੰਤਰਨ ਦੀ ਝਲਕ ਮਿਲਦੀ ਸੀ। ਲੈਅ ਅਤੇ ਤਾਲ ਉੱਪਰ ਆਪਦਾ ਸੰਪੂਰਨ ਅਧਿਕਾਰ ਸੀ।

ਆਪ ਦਾ ਰਾਗ ਗਿਆਨ ਉੱਚ ਕੋਟੀ ਦਾ ਸੀ। ਆਪ ਨੂੰ ਰਾਗ ਦਰਬਾਰੀ, ਜੈਜੈਵੰਤੀ, ਭੈਰਵੀ, ਜੋਗੀਆ, ਕਾਫੀ, ਬਾਗੇਸ਼ਵਰੀ, ਜੌਨਪੁਰੀ, ਰਾਮਕਲੀ, ਸੋਹਨੀ ਆਦਿ ਰਾਗ ਗਾਉਣ ਵਿੱਚ ਵਿਸ਼ੇਸ਼ ਮੁਹਾਰਤ ਹਾਸਿਲ ਸੀ। ਜੈਜੈਵੰਤੀ ਵਿੱਚ 'ਮੋਰੇ ਮੰਦਿਰ ਅਬ ਲੌਂ ਨਹੀਂ ਆਏ', ਰਾਗ ਜੋਗ ਵਿੱਚ 'ਆਜ ਮੋਰੇ ਘਰ ਆਏ' ਲਲਿਤ ਰਾਗ ਵਿੱਚ ਤੜਪਤ ਹੂੰ ਜੈਸੇ ਜਲ ਬਿਨ ਮੀਨ' ਆਦਿ ਗੀਤ ਰਿਕਾਰਡ ਵੀ ਹੋਏ ਅਤੇ ਖੂਬ ਪ੍ਰਸਿੱਧੀ ਪ੍ਰਾਪਤ ਕੀਤੀ। ਆਪਦੇ ਸਮਕਾਲੀਨ ਸੰਗੀਤਕਾਰ ਆਪਦੀ ਗਾਇਕੀ ਦੀ ਬਹੁਤ ਸ਼ਲਾਘਾ ਕਰਦੇ ਸਨ।



Downloaded from https:// www.studiestoday.com

Downloaded from https:// www.studiestoday.com

**ਸ਼ਾਗਿਰਦ:** ਉ. ਫੈਯਾਜ ਬਹੁਤ ਖੁੱਲ੍ਹਦਿਲੇ ਸੁਭਾਅ ਦੇ ਮਾਲਿਕ ਹੋਣ ਕਾਰਨ ਆਪਨੇ ਆਪਣੇ ਸ਼ਾਗਿਰਦਾਂ ਨੂੰ ਸੰਗੀਤ ਦੀ ਸਿੱਖਿਆ ਵੀ ਬਹੁਤ ਖੁੱਲ੍ਹਦਿਲੀ ਨਾਲ ਪ੍ਰਦਾਨ ਕੀਤੀ। ਆਪ ਦੇ ਸ਼ਾਗਿਰਦਾਂ ਵਿੱਚ ਪੰ. ਦਲੀਪ ਚੰਦਰ ਬੇਦੀ। ਉ. ਸ਼ਰਾਫਤ ਹੁਸੈਨ ਖਾਂ, ਉ. ਅੱਤਾ ਹੁਸੈਨ ਖਾਂ, ਪਦਮ ਸ਼੍ਰੀ ਸੋਹਣ ਸਿੰਘ, ਉ. ਵਿਲਾਇਤ ਹੁਸੈਨ ਖਾਂ, ਪੰ. ਐੱਸ. ਐੱਨ. ਰਾਤੰਜਨਕਰ ਆਦਿ ਦੇ ਨਾਮ ਆਉਂਦੇ ਹਨ। ਆਪ ਨੇ ਸੰਗੀਤ ਜਗਤ ਦੀ ਝੋਲੀ ਵਿੱਚ ਇਹ ਮਹਾਨ ਸਿਤਾਰੇ ਕਰ ਕੇ ਪਾਏ ਅਤੇ ਸੰਗੀਤ ਦੇ ਪ੍ਰਚਾਰ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ।

**ਸਨਮਾਨ ਅਤੇ ਉਪਾਧੀਆਂ:** ਆਪਨੇ ਆਪਣੀ ਜਿੰਦਗੀ ਵਿੱਚ ਪੈਸੇ ਅਤੇ ਉਪਾਧੀਆਂ ਨੂੰ ਮਹੱਤਵ ਨਹੀਂ ਦਿੱਤਾ। ਆਪਨੂੰ ਦਰਬਾਰਾਂ ਤੇ ਸੰਸਥਾਵਾਂ ਵੱਲੋਂ ਵਿਸ਼ੇਸ਼ ਉਪਾਧੀਆਂ ਨਾਲ ਸਨਮਾਨਿਤ ਕੀਤਾ ਜਾਂਦਾ ਰਿਹਾ। 'ਆਫ਼ਤਾਬੇ-ਮੌਸੀਕੀ' ਤੇ 'ਗਿਆਨ-ਰਤਨ' ਦੀ ਉਪਾਧੀ ਤੋਂ ਇਲਾਵਾ 'ਸੰਗੀਤ ਚੁੜਾਮਣੀ', ਸੰਗੀਤ ਭਾਸਕਰ, 'ਸੰਗੀਤ ਸਰੋਜ' ਆਦਿ ਉਪਾਧੀਆਂ ਆਪ ਨੂੰ ਪ੍ਰਦਾਨ ਕੀਤੀਆਂ ਗਈਆਂ।

**ਦੇਹਾਂਤ:** ਸੰਨ 1945 ਵਿੱਚ ਆਪ ਦੀ ਸਿਹਤ ਟੀ.ਬੀ. ਦੀ ਬਿਮਾਰੀ ਨਾਲ ਗ੍ਰਸਤ ਹੋ ਗਈ। ਦਿਨ-ਬ-ਦਿਨ ਆਪ ਦੀ ਸਿਹਤ ਡਿੱਗਦੀ ਗਈ। 5 ਨਵੰਬਰ 1950 ਨੂੰ ਆਪ ਦਾ ਦੇਹਾਂਤ ਹੋ ਗਿਆ। ਆਪ ਦਾ ਮਕਬਰਾ ਬੜੌਦਾ ਵਿਖੇ ਸਥਾਪਿਤ ਕੀਤਾ ਗਿਆ। ਆਪ ਦੁਆਰਾ ਦਿੱਤੀ ਗਈ ਸੰਗੀਤ ਦੇਣ ਲਈ ਸੰਗੀਤ ਜਗਤ ਵਿੱਚ ਆਪ ਦਾ ਨਾਮ ਹਮੇਸ਼ਾ ਅਮਰ ਰਹੇਗਾ।

## ਪਾਠ-ਅਭਿਆਸ

### ਵਸਤੂਨਿਸ਼ਠ ਪ੍ਰਸ਼ਨ:

1. ਉ.ਫੈਯਾਜ਼ ਖਾਂ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
2. ਉ. ਫੈਯਾਜ਼ ਖਾਂ ਦਾ ਘਰਾਣਾ ਦੱਸੋ ?
3. ਉ. ਫੈਯਾਜ਼ ਖਾਂ ਨੇ ਆਪਣੀ ਸੰਗੀਤ ਸਿੱਖਿਆ ਕਿਨ੍ਹਾਂ ਤੋਂ ਪ੍ਰਾਪਤ ਕੀਤੀ ?
4. ਉ. ਫੈਯਾਜ਼ ਖਾਂ ਨੂੰ ਕਿਹੜੀਆਂ-ਕਿਹੜੀਆਂ ਉਪਾਧੀਆਂ ਮਿਲੀਆਂ।
5. ਉ. ਫੈਯਾਜ਼ ਖਾਂ ਦੇ ਸ਼ਾਗਿਰਦਾਂ ਦੇ ਨਾਂ ਦੱਸੋ ?
6. ਉ. ਫੈਯਾਜ਼ ਖਾਂ ਦੀ ਗਾਇਨ ਸ਼ੈਲੀ ਦੀ ਵਿਸ਼ੇਸ਼ਤਾ ਦੱਸੋ ?
7. ਉ. ਫੈਯਾਜ਼ ਦਾ ਦੇਹਾਂਤ ਕਦੋਂ ਹੋਇਆ ?

**ਅਧਿਆਪਕ ਲਈ**

ਅਧਿਆਪਕ ਵਿਦਿਆਰਥੀਆਂ ਨੂੰ ਉ. ਫੈਯਾਜ਼ ਖਾਂ ਬਾਰੇ ਹੋਰ ਜਾਣਕਾਰੀ ਇੱਕਠੀ ਕਰਨ ਲਈ ਕਹਿਣ ਅਤੇ ਪ੍ਰੋਜੈਕਟ ਤਿਆਰ ਕਰਵਾਉਣ।



Downloaded from https:// www.studiestoday.com

Downloaded from https:// www.studiestoday.com

# ਗਾਇਨ ਸ਼ੈਲੀਆਂ

## ਪਾਠ 9

ਸਾਡੇ ਸੰਗੀਤਕਾਰਾਂ ਨੇ ਸੰਗੀਤ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ:- ਮਾਰਗੀ ਸੰਗੀਤ ਅਤੇ ਦੇਸੀ ਸੰਗੀਤ। ਮੁਕਤੀ ਦਾ ਰਸਤਾ ਦੱਸਣ ਵਾਲਾ ਮਾਰਗੀ ਸੰਗੀਤ ਅਤੇ ਆਮ ਜਨਤਾ ਵਿੱਚ ਵਰਤੋ ਹੋਣ ਵਾਲੇ ਸੰਗੀਤ ਨੂੰ ਦੇਸੀ ਸੰਗੀਤ ਕਹਿੰਦੇ ਹਨ। ਦੇਸੀ ਸੰਗੀਤ ਦਾ ਮੁੱਖ ਉਦੇਸ਼ ਜਨ ਮਨੋਰੰਜਨ ਹੈ। ਦੇਸੀ ਸੰਗੀਤ ਨੂੰ 'ਗਾਨ' ਵੀ ਕਹਿੰਦੇ ਹਨ। ਗਾਨ ਦੋ ਪ੍ਰਕਾਰ ਦਾ ਹੁੰਦਾ ਹੈ:-ਨਿਬਧ ਗਾਨ ਅਤੇ ਅਨਿਬੱਧ ਗਾਨ। ਨਿਬੱਧ ਗਾਨ ਤਾਲ ਨਾਲ ਗਾਇਆ ਜਾਂਦਾ ਹੈ ਪਰ ਅਨਿਬੱਧ ਗਾਨ ਤਾਲ ਤੋਂ ਰਹਿਤ ਹੁੰਦਾ ਹੈ। ਅਨਿਬੱਧ ਗਾਨ ਵਿੱਚ ਅਲਾਪ ਆਉਂਦਾ ਹੈ ਪਰ ਨਿਬੱਧ ਗਾਨ ਵਿੱਚ ਧਰੁਪਦ, ਧਮਾਰ, ਖਿਆਲ, ਠੁਮਰੀ, ਟੱਪਾ, ਲਕਸ਼ਣ ਗੀਤ, ਸਰਗਮ ਗੀਤ ਆਦਿ ਆਉਂਦੇ ਹਨ। ਗਾਇਨ ਸ਼ੈਲੀ ਦੇ ਅਧਾਰ ਤੇ ਹੀ ਇਹ ਗਾਨ ਇੱਕ ਦੂਜੇ ਤੋਂ ਅਲੱਗ ਹੁੰਦਾ ਹੈ। ਜਦ ਅਸੀਂ ਕਿਸੇ ਇਨਸਾਨ ਨੂੰ ਗਾਉਂਦੇ ਹੋਏ ਸੁਣਦੇ ਹਾਂ ਤਾਂ ਅਸੀਂ ਗਾਇਨ ਸ਼ੈਲੀ ਦੇ ਅਧਾਰ ਤੇ ਹੀ ਪਛਾਣ ਸਕਦੇ ਹਾਂ ਕਿ ਉਹ ਕਿਹੜੀ ਗਾਇਨ ਸ਼ੈਲੀ ਗਾ ਰਿਹਾ ਹੈ।

**1. ਧਰੁਪਦ:** ਧਰੁਪਦ ਭਾਰਤ ਦੀ ਇਕ ਪ੍ਰਾਚੀਨ ਗਾਇਨ ਸ਼ੈਲੀ ਹੈ। ਇਸ ਦੀ ਖੋਜ ਦੇ ਵਿਸ਼ੇ ਵਿੱਚ ਅਲਗ-ਅਲਗ ਵਿਦਵਾਨਾਂ ਦੇ ਅਲਗਅਲਗ ਮਤਭੇਦ ਹਨ। ਫਿਰ ਵੀ ਜ਼ਿਆਦਾਤਰ ਵਿਦਵਾਨਾਂ ਦਾ ਮੱਤ ਹੈ ਕਿ ਧਰੁਪਦ ਗਾਇਨ ਦੀ ਖੋਜ 15 ਵੀ ਸਦੀ ਵਿੱਚ ਗਵਾਲੀਅਰ ਦੇ ਰਾਜਾ ਮਾਨ ਸਿੰਘ ਤੋਮਰ ਨੇ ਕੀਤੀ। ਪ੍ਰਾਚੀਨ ਕਾਲ ਵਿੱਚ ਧਰੁੱਪਦ ਗਾਇਨ ਨੂੰ ਸਭ ਤੋਂ ਮਹਤਵਪੂਰਣ ਮੰਨਿਆ ਜਾਂਦਾ ਸੀ। ਅਕਬਰ ਦੇ ਸਮੇਂ ਵਿੱਚ ਤਾਨਸੇਨ ਅਤੇ ਉਨ੍ਹਾਂ ਦੇ ਗੁਰੂ ਸਵਾਮੀ ਹਰੀਦਾਸ ਡਾਗੁਰ, ਨਾਇਕ ਬੈਜੂ ਅਤੇ ਗੋਪਾਲ ਆਦਿ ਨਿਪੁੰਨ ਗਾਇਕ ਸਿਰਫ ਧਰੁਪਦ ਹੀ ਗਾਉਂਦੇ ਸਨ। ਉਨ੍ਹਾਂ ਦੇ ਰਚੇ ਹੋਏ ਧਰੁਪਦ ਅੱਜ ਵੀ ਸੁਣਨ ਨੂੰ ਮਿਲਦੇ ਹਨ।

ਧਰੁਪਦ ਗੰਭੀਰ ਪ੍ਰਕ੍ਰਿਤੀ ਦਾ ਗੀਤ ਹੈ। ਇਸਨੂੰ ਗਾਉਣ ਲਈ ਗਲੇ ਅਤੇ ਫੇਫੜੇ ਤੇ ਜ਼ੋਰ ਪੈਂਦਾ ਹੈ। ਇਸ ਲਈ ਇਸਨੂੰ ਮਰਦਾਨਾ ਗੀਤ ਵੀ ਕਹਿੰਦ ਹਨ। ਇਸਦਾ ਪ੍ਰਚਾਰ ਮੱਧਕਾਲ ਵਿੱਚ ਜ਼ਿਆਦਾ ਸੀ ਪਰ ਅੱਜਕਲ ਇਸਦੀ ਜਗਾ ਖਿਆਲ ਨੇ ਲੈ ਲਈ ਹੈ। ਧਰੁਪਦ ਦੇ ਚਾਰ ਭਾਗ ਹੁੰਦੇ ਹਨ-ਸਥਾਈ, ਅੰਤਰਾ, ਸੰਚਾਰੀ, ਆਭੋਗ। ਹਰੇਕ ਵਿਭਾਗ ਦੇ ਚਾਰ ਜਾਂ ਚਾਰ ਤੋਂ ਘਟ ਚਰਣ ਸਨ ਪਰ ਅੱਜਕਲ ਜ਼ਿਆਦਾਤਰ ਸਥਾਈ ਅਤੇ ਅੰਤਰਾ ਹੀ ਸੁਣਨ ਨੂੰ ਮਿਲਦੇ ਹਨ। ਇਸਦੀ ਭਾਸ਼ਾ ਵੀ ਉਚ ਕੋਟੀ ਦੀ ਹੁੰਦੀ ਹੈ। ਜ਼ਿਆਦਾਤਰ ਬ੍ਰਿਜ, ਹਿੰਦੀ ਅਤੇ ਉਰਦੂ ਭਾਸ਼ਾ ਦੇ ਸ਼ਬਦ ਹੀ ਹੁੰਦੇ ਹਨ। ਇਸ ਗਾਇਨ ਵਿੱਚ ਵੀਰ, ਸ਼ਾਤੀ ਅਤੇ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੁੰਦੀ ਹੈ। ਧਰੁਪਦ ਨੂੰ ਚਾਰਤਾਲ, ਸੂਲਤਾਲ, ਤੀਵਰਾ ਤਾਲ,



Downloaded from https:// www.studiestoday.com

Downloaded from https:// www.studiestoday.com

ਬ੍ਰਹਮਾਤਾਲ, ਮੱਤ ਤਾਲ ਆਦਿ ਤਾਲਾਂ ਵਿੱਚ ਗਾਇਆ ਜਾਂਦਾ ਹੈ। ਇਹ ਸਭ ਤਾਲਾਂ ਪਖਾਵਜ ਦੀਆਂ ਤਾਲਾਂ ਹਨ।

ਧਰੁਪਦ ਦੀ ਸੰਗਤੀ ਪਖਾਵਜ ਨਾਲ ਕੀਤੀ ਜਾਂਦੀ ਹੈ। ਧਰੁਪਦ ਵਿੱਚ ਸਭ ਤੋਂ ਪਹਿਲਾਂ ਨੋਮ ਤੋਮ ਦਾ ਅਲਾਪ ਵਿਸਥਾਰ ਨਾਲ ਕੀਤਾ ਜਾਂਦਾ ਹੈ। ਅਲਾਪ ਦੇ ਚਾਰ ਅੰਗ ਹੁੰਦੇ ਹਨ। ਨੋਮ ਤੋਮ ਦਾ ਅਲਾਪ ਅਪਣੇ ਤੀਜੇ ਅੰਗ ਵਿਚ ਤਾਲਬੱਧ ਹੋ ਜਾਂਦਾ ਹੈ ਅਤੇ ਹੌਲੀ ਰਫਤਾਰ ਵੀ ਵਧਦੀ ਜਾਂਦੀ ਹੈ। ਧਰੁਪਦ ਵਿੱਚ ਖਟਕਾ, ਮੁਰਕੀ ਅਤੇ ਤਾਨ ਦੀ ਵਰਤੋਂ ਨਹੀਂ ਕੀਤੀ ਜਾਂਦੀ ਸਗੋਂ ਮੀਂਡ ਅਤੇ ਗਮਕ ਦੀ ਵਰਤੋਂ ਬਹੁਤ ਜ਼ਿਆਦਾ ਹੁੰਦੀ ਹੈ। ਅਲਾਪ ਤੋਂ ਬਾਦ ਧਰੁਪਦ ਦੀ ਬੰਦਿਸ਼ ਗਾਈ ਜਾਂਦੀ ਹੈ। ਜਿਸ ਵਿੱਚ ਅਲਗ-ਅਲਗ ਪ੍ਰਕਾਰ ਦੀਆਂ ਲੈਅਕਾਰੀਆਂ ਦਾ ਸੁੰਦਰ ਰੂਪ ਦੇਖਣ ਨੂੰ ਮਿਲਦਾ ਹੈ। ਧਰੁਪਦ ਵਿੱਚ ਲੈਅਕਾਰੀ ਦੀ ਵਿਸ਼ੇਸ਼ ਜਗਾ ਹੈ। ਦੁਗੁਣ, ਤਿਗੁਣ, ਚੌਗੁਨ, ਅਠਗੁਨ, ਆੜ, ਕੁਆੜ, ਅਤੀਤ, ਅਨਾਗਤ ਆਦਿ ਨਾਲ ਧਰੁਪਦ ਦੀ ਸ਼ੋਭਾ ਵਧਦੀ ਹੈ। ਪ੍ਰਾਚੀਨ ਕਾਲ ਵਿੱਚ ਧਰੁਪਦ ਗਾਉਣ ਵਾਲਿਆਂ ਨੂੰ ਕਲਾਵੰਤ ਵੀ ਕਿਹਾ ਜਾਂਦਾ ਸੀ।

**ਧਮਾਰ:** ਇਹ ਗੀਤ ਦਾ ਇੱਕ ਪ੍ਰਾਚੀਨ ਪ੍ਰਕਾਰ ਹੈ। ਧਮਾਰ ਤਾਲ ਵਿੱਚ ਗਾਈ ਜਾਣ ਵਾਲੀ ਰਚਨਾ ਨੂੰ 'ਧਮਾਰ' ਕਹਿੰਦੇ ਹਨ। ਧਮਾਰ ਤਾਲ 14 ਮਾਤਰਾਵਾਂ ਦੀ ਹੁੰਦੀ ਹੈ। ਧਮਾਰ ਨੂੰ ਧਮਾਰ ਤਾਲ ਵਿੱਚ ਹੀ ਗਾਇਆ ਜਾਂਦਾ ਹੈ। ਇਸ ਵਿੱਚ ਜ਼ਿਆਦਾਤਰ ਰਾਧਾ-ਕ੍ਰਿਸ਼ਣ ਅਤੇ ਕ੍ਰਿਸ਼ਣ-ਗੋਪੀਆਂ ਦੀ ਲੀਲਾਵਾਂ ਦਾ ਵਰਨਣ ਜਾਂ ਬ੍ਰਿਜ ਦੀ ਹੋਲੀ ਦਾ ਵਰਨਣ ਮਿਲਦਾ ਹੈ। ਧਰੁਪਦ ਗਾਇਕ ਹੀ ਇਸ ਗੀਤ ਨੂੰ ਗਾਉਂਦੇ ਹਨ ਕਿਉਂਕਿ ਇਸ ਗੀਤ ਦਾ ਗਾਇਨ ਵੀ ਧਰੁਪਦ ਦੀ ਗਾਇਕੀ ਵਰਗਾ ਹੀ ਹੁੰਦਾ ਹੈ। ਫਰਕ ਸਿਰਫ਼ ਇਹ ਹੈ ਕਿ ਧਰੁਪਦ ਧਮਾਰ ਨਾਲੋਂ ਜ਼ਿਆਦਾ ਗੰਭੀਰ ਪ੍ਰਕ੍ਰਿਤੀ ਦਾ ਹੁੰਦਾ ਹੈ। ਇਸ ਗੀਤ ਦੀ ਭਾਸ਼ਾ 'ਬ੍ਰਜ' ਹਿੰਦੀ ਅਤੇ ਉਰਦੂ ਹੁੰਦੀ ਹੈ। ਇਸ ਵਿੱਚ ਵੀ ਧਰੁਪਦ ਦੀ ਤਰ੍ਹਾਂ ਨੋਮ ਤੋਮ ਦਾ ਅਲਾਪ ਅਤੇ ਵੱਖ-ਵੱਖ ਲੈਅਕਾਰੀਆਂ ਦਾ ਚਮਤਕਾਰ ਸੁਣਨ ਨੂੰ ਮਿਲਦਾ ਹੈ। ਇਸ ਗੀਤ ਵਿੱਚ ਵੀ ਗਮਕ ਦੀ ਵਰਤੋਂ ਕਾਫੀ ਹੁੰਦੀ ਹੈ ਪਰ ਖਟਕਾ ਅਤੇ ਤਾਨਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਗੀਤ ਦੇ ਸਥਾਈ ਅਤੇ ਅੰਤਰਾ ਦੋ ਭਾਗ ਹੁੰਦੇ ਹਨ। ਦੁਗੁਣ, ਤਿਗੁਣ, ਚੌਗੁਣ ਆਦਿ ਲੈਅਕਾਰੀਆਂ ਨਾਲ ਪੇਸ਼ ਕੀਤਾ ਜਾਂਦਾ ਹੈ। ਇਸ ਗਾਇਨ ਵਿੱਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੁੰਦੀ ਹੈ। ਧਮਾਰ ਗੀਤ ਦੇ ਨਾਲ ਪਖਾਵਜ ਵਜਾਈ ਜਾਂਦੀ ਹੈ ਪਰ ਅੱਜ ਕਲ ਪਖਾਵਜ ਦਾ ਪ੍ਰਚਾਰ ਘਟ ਹੋਣ ਕਰਕੇ ਅਤੇ ਤਬਲੇ ਦੀ ਵਰਤੋਂ ਵੱਧ ਹੋਣ ਕਰਕੇ ਧਮਾਰ ਨਾਲ ਵੀ ਤਬਲੇ ਦੀ ਵਰਤੋਂ ਹੋਣ ਲਗ ਪਈ ਹੈ। ਹੇਠਾਂ ਰਾਗ ਜੈਜੈਵੰਤੀ ਵਿੱਚ ਧਮਾਰ ਦਾ ਇੱਕ ਉਦਾਹਰਣ ਪੇਸ਼ ਹੈ:-

**ਸਥਾਈ :** ਆਜ ਛਬੀਲੇ ਮੋਹਨ ਨਾਗਰ, ਬ੍ਰਜ ਮੇਂ ਖੇਲਤ ਹੋਰੀ

**ਅੰਤਰਾ:** ਗਵਾਲ ਬਾਲ ਸਭ ਸੰਗ ਸਖਾ, ਰੰਗ ਗੁਲਾਲ ਕੀ ਝੋਰੀ

**ਖਿਆਲ:** ਕਲਾ ਪ੍ਰੀਵਰਤਨਸ਼ੀਲ ਹੈ। ਸੰਗੀਤ ਦੇ ਇਤਿਹਾਸ ਵਿੱਚ ਇਹ ਦੇਖਣ ਵਿੱਚ ਆਇਆ ਹੈ ਕਿ ਸਮੇਂ ਸਮੇਂ ਨਾਲ ਵਖ-ਵਖ ਸ਼ੈਲੀਆਂ ਪ੍ਰਚਾਰ ਵਿੱਚ ਆਈਆਂ। ਪ੍ਰਾਚੀਨ ਕਾਲ ਵਿੱਚ ਪ੍ਰਬੰਧ ਵਸਤੂ ਰੂਪਕ, ਮੱਧ ਕਾਲ ਵਿੱਚ ਧਰੁਪਦ ਪਰ ਆਧੁਨਿਕ ਕਾਲ ਵਿੱਚ ਖਿਆਲ ਸ਼ੈਲੀ ਦਾ ਪ੍ਰਚਾਰ ਹੋਇਆ।



Downloaded from https:// www.studiestoday.com

Downloaded from https:// www.studiestoday.com

ਖਿਆਲ ਇਕ ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ 'ਕਲਪਨਾ'। ਗੀਤ ਦੇ ਇਸ ਪ੍ਰਕਾਰ ਵਿੱਚ ਗਾਇਕ ਦੀ ਕਲਪਨਾ ਨੂੰ ਵਿਸ਼ੇਸ਼ ਮਹੱਤਵ ਦਿੱਤੇ ਜਾਣ ਕਰਕੇ ਸ਼ਾਸਤਕਾਰਾਂ ਨੇ ਇਸਨੂੰ ਖਿਆਲ ਕਿਹਾ। ਖਿਆਲ ਦੀ ਪ੍ਰੀਭਾਸ਼ਾ ਇਸ ਪ੍ਰਕਾਰ ਦਿੱਤੀ ਜਾ ਸਕਦੀ ਹੈ– "ਗੀਤ ਦਾ ਉਹ ਪ੍ਰਕਾਰ ਜਿਸ ਵਿੱਚ ਰਾਗ ਦੇ ਨਿਯਮਾਂ ਦਾ ਪਾਲਣ ਕਰਦੇ ਹੋਏ , ਅਲਾਪ, ਤਾਨ, ਬੋਲਤਾਨ , ਖਟਕਾ, ਮੁਰਕੀ ਨਾਲ ਸਜਾ ਕੇ ਗਾਉਣ ਵਾਲਾ ਜਦੋਂ ਅਪਣੀ ਕਲਪਨਾ ਅਤੇ ਅਭਿਆਸ ਨਾਲ ਪੇਸ਼ ਕਰਦਾ ਹੈ ਤਾਂ ਉਸਨੂੰ ਖਿਆਲ ਕਹਿੰਦੇ ਹਨ। ਖਿਆਲ ਵਿੱਚ ਸੁਰਾਂ ਦੀ ਸਥਿਰਤਾ ਅਤੇ ਚਪਲਤਾ ਵਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇਸ ਵਿੱਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੁੰਦੀ ਹੈ।

**ਖਿਆਲ ਦੋ ਪ੍ਰਕਾਰ ਦੇ ਹੁੰਦੇ ਹਨ:-**

1. ਵਿਲੰਬਤ ਖਿਆਲ ਜਾਂ ਵੱਡਾ ਖਿਆਲ
2. ਦਰੁਤ ਖ਼ਿਆਲ ਜਾਂ ਛੋਟਾ ਖਿਆਲ

**1. ਵਿਲੰਬਤ ਖਿਆਲ (ਵੱਡਾ ਖਿਆਲ):** ਕਹਿੰਦੇ ਹਨ ਕਿ ਇਸ ਗਾਇਨ ਦੀ ਖੋਜ 15ਵੀਂ ਸਦੀ ਵਿੱਚ ਜੌਨਪੁਰ ਦੇ ਬਾਦਸ਼ਾਹ ਸੁਲਤਾਨ ਹੁਸੈਨ ਸ਼ਰਕੀ ਨੇ ਕੀਤੀ ਅਤੇ ਉਨ੍ਹਾਂ ਨੇ ਹੀ ਇਸ ਗਾਇਨ ਨੂੰ ਸਭ ਤੋਂ ਪਹਿਲਾਂ ਲੋਕਪ੍ਰਿਯ ਬਣਾਇਆ। ਪਰ ਕੁਝ ਵਿਦਵਾਨਾਂ ਦਾ ਮਤ ਹੈ ਕਿ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਅਠਾਰਵੀਂ ਸਦੀ ਵਿੱਚ ਉਨ੍ਹਾਂ ਦੇ ਦਰਬਾਰੀ ਗਾਇਕ ਸਦਾ ਰੰਗ ਅਤੇ ਅਦਾਰੰਗ ਹੀ ਸਭ ਤੋਂ ਪਹਿਲਾਂ ਖਿਆਲ ਦੇ ਰਚਨਕਾਰ ਹਨ। ਇਸਦੀ ਖੋਜ ਦੇ ਸਬੰਧ ਵਿੱਚ ਕੁਝ ਵੀ ਨਿਸਚਿਤ ਨਹੀਂ ਕੀਤਾ ਜਾ ਸਕਦਾ।

ਇਸਦਾ ਗਾਇਨ ਵਿਲੰਬਤ ਲੈਅ ਵਿੱਚ ਕੀਤਾ ਜਾਂਦਾ ਹੈ। ਸ਼ਾਇਦ ਇਸ ਲਈ ਹੀ ਇਸਨੂੰ ਵਿਲੰਬਤ ਖਿਆਲ ਜਾਂ ਵੱਡਾ ਖਿਆਲ ਕਿਹਾ ਜਾਣ ਲਗਾ। ਇਸ ਨਾਲ ਤਬਲੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਖਿਆਲ ਨਾਲ ਇੱਕ ਤਾਲ ਤਿਲਵਾੜਾ ਤਾਲ, ਝੂਮਰਾ, ਆਡਾ ਚੌਤਾਲ ਆਦਿ ਤਾਲ ਵਜਾਈ ਜਾਂਦੀ ਹੈ। ਇਸਦੀ ਪ੍ਰਾਕ੍ਰਿਤੀ ਗੰਭੀਰ ਹੁੰਦੀ ਹੈ। ਇਸ ਵਿੱਚ ਜ਼ਿਆਦਾਤਰ ਕ੍ਰਿਸ਼ਣ–ਲੀਲਾਵਾਂ ਦਾ ਵਰਨਣ, ਉਤਸਵ–ਪ੍ਰਸੰਗ, ਰੁੱਤ–ਵਰਨਣ ਆਦਿ ਦਾ ਵਰਨਣ ਹੁੰਦਾ ਹੈ। ਇਸ ਗਾਇਕੀ ਵਿੱਚ ਸ਼ਿੰਗਾਰ ਰਸ, ਕਰੁਣਾ ਰਸ ਅਤੇ ਸ਼ਾਂਤ ਰਸ ਦੀ ਪ੍ਰਧਾਨਤਾ ਹੁੰਦੀ ਹੈ। ਇਸ ਵਿੱਚ ਸਥਾਈ ਅਤੇ ਅੰਤਰਾ ਦੋ ਭਾਗ ਹੁੰਦੇ ਹਨ।

ਕਈ ਸੰਗੀਤਕਾਰ ਖਿਆਲ ਤੋਂ ਪਹਿਲਾਂ ਵਿਸਥਾਰ ਨਾਲ ਅਲਾਪ ਕਰਦੇ ਹਨ ਨੋਮ ਤੋਮ ਵਿੱਚ। ਵੈਸੇ ਤਾਂ ਸਭ ਨੂੰ ਪਤਾ ਹੈ ਕਿ ਨੋਮ ਤੋਮ ਦਾ ਅਲਾਪ ਤਾਂ ਧਰੁਪਦ ਵਿੱਚ ਕੀਤਾ ਜਾਂਦਾ ਹੈ, ਖਿਆਲ ਵਿੱਚ ਨਹੀਂ ਪਰ ਫਿਰ ਵੀ ਖਿਆਲ ਵਿੱਚ ਰਾਗ ਦੇ ਸਰੂਪ ਦੀ ਰੱਖਿਆ ਕਰਦੇ ਹੋਏ ਬੋਲ ਅਲਾਪ ਵੀ ਕੀਤਾ ਜਾਂਦਾ ਹੈ। ਅਲਾਪ ਵਿੱਚ ਮੀਂਡ, ਖਟਕਾ, ਮੁਰਕੀ, ਕਣ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਖਿਆਲ ਵਿੱਚ ਅਲਾਪ ਬਹਿਲਾਵਾ, ਬੋਲ ਤਾਨ ਆਦਿ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਪਹਿਲਾਂ ਬਰਾਬਰ ਦੀ ਤਾਨ ਲਈ ਜਾਂਦੀ ਹੈ ਫਿਰ ਦੁਗੁਣ, ਚੌਗੁਣ ਅਤੇ ਅਠਗੁਣ ਦੀਆਂ ਤਾਨਾਂ ਵੀ ਲਈਆਂ ਜਾਂਦੀਆਂ ਹਨ। ਵੱਖ–ਵੱਖ



Downloaded from https:// www.studiestoday.com

Downloaded from https:// www.studiestoday.com

ਕਿਸਮਾਂ ਦੀਆਂ ਤਾਨਾਂ ਇਸ ਗਾਇਕੀ ਵਿੱਚ ਸੁਣਨ ਨੂੰ ਮਿਲਦੀਆਂ ਹਨ ਜਿਵੇਂ :- ਸਪਾਟ ਤਾਨ, ਕੂਟ ਤਾਨ, ਗਮਕ ਦੀ ਤਾਨ, ਛੂਟ ਦੀ ਤਾਨ, ਅੰਨਕਾਰਕ ਤਾਨ ਆਦਿ। ਪ੍ਰਾਚੀਨ ਕਾਲ ਵਿੱਚ ਜਿਵੇਂ ਧਰੁਪਦ ਗਾਇਕੀ ਦਾ ਪ੍ਰਚਾਰ ਸੀ ਉਸੀ ਤਰ੍ਹਾਂ ਆਧੁਨਿਕ ਕਾਲ ਵਿੱਚ ਖਿਆਲ ਗਾਇਕੀ ਬਹੁਤ ਲੋਕਪ੍ਰਿਯ ਹੋ ਗਈ ਹੈ।

**2. ਦਰੁਤ ਖਿਆਲ (ਛੋਟਾ ਖਿਆਲ):** ਕਿਹਾ ਜਾਂਦਾ ਹੈ ਕਿ ਇਸ ਗੀਤ ਦੀ ਖੋਜ 14 ਵੀਂ ਸਦੀ ਵਿੱਚ ਅਮੀਰ ਖੁਸਰੋ ਦੁਆਰਾ ਹੋਈ ਹੈ। ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਤੇਜ਼ ਗਤੀ ਵਿੱਚ ਗਾਇਆ ਜਾਂਦਾ ਹੈ। ਇਸਨੂੰ ਛੋਟਾ ਖਿਆਲ ਵੀ ਕਹਿੰਦੇ ਹਨ। ਇਸ ਗੀਤ ਦੀ ਰਚਨਾ ਵੱਡੇ ਖਿਆਲ ਦੀ ਤਰ੍ਹਾਂ ਛੋਟੀ ਹੁੰਦੀ ਹੈ। ਇਸ ਵਿੱਚ ਸਥਾਈ ਅਤੇ ਅੰਤਰਾ ਦੋ ਭਾਗ ਹੁੰਦੇ ਹਨ। ਇਸ ਗਾਇਨ ਸ਼ੈਲੀ ਨਾਲ ਤਬਲਾ ਵਜਾਇਆ ਜਾਂਦਾ ਹੈ। ਇਹ ਤਿੰਨ ਤਾਲ, ਝਪਤਾਲ, ਇੱਕ ਤਾਲ, ਰੂਪਕ ਆਦਿ ਤਾਲਾਂ ਵਿੱਚ ਗਾਇਆ ਜਾਂਦਾ ਹੈ। ਦਰੁਤ ਖਿਆਲ ਦੀ ਪ੍ਰਕ੍ਰਿਤੀ ਚੰਚਲ ਹੁੰਦੀ ਹੈ। ਇਨਾਂ ਗੀਤਾਂ ਵਿੱਚ ਵੀ ਸ਼ਿੰਗਾਰ ਜਾਂ ਕਰੁਣ ਰਸ ਪ੍ਰਧਾਨ ਹੁੰਦਾ ਹੈ। ਇਸ ਦੀ ਗਾਇਨ ਸ਼ੈਲੀ ਵੀ ਵੱਡੇ ਖਿਆਲ ਦੀ ਤਰ੍ਹਾਂ ਹੁੰਦੀ ਹੈ। ਮੀਂਡ, ਖਟਕਾ, ਮੁਰਕੀ, ਕਣ, ਬਹਿਲਾਵਾ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਦਰੁਤ ਖਿਆਲ ਵਿੱਚ ਅਲਾਪ, ਤਾਨ, ਬੋਲ-ਤਾਨ, ਬੋਲ-ਅਲਾਪ ਵੀ ਕੀਤੇ ਜਾਂਦੇ ਹਨ। ਮੱਧਕਾਲ ਵਿੱਚ ਜੋ ਜਗ੍ਹਾ ਧਰੁਪਦ ਦੀ ਸੀ, ਆਧੁਨਿਕ ਕਾਲ ਵਿੱਚ ਉਹੀ ਜਗ੍ਹਾ ਖਿਆਲ ਨੂੰ ਪ੍ਰਾਪਤ ਹੈ। ਅੱਜ ਕਲ ਖਿਆਲ-ਗਾਇਨ ਦੀ ਲੋਕਪ੍ਰਿਯਤਾ ਦਿਨ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਹੈ।

**ਤਰਾਨਾ:** ਤਰਾਨਾ ਵੀ ਇੱਕ ਪ੍ਰਕਾਰ ਦਾ ਆਧੁਨਿਕ ਗਾਇਨ ਹੈ। ਇਸ ਵਿੱਚ ਗੀਤ ਦੀ ਜਗ੍ਹਾ ਤੇ ਔਦ, ਨੀ, ਦੀਮ, ਤ, ਨ, ਨ ਨ, ਤਾ ਨਾ, ਨਾ ਦਿਰ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਤਰਾਨਾ ਸਾਰੇ ਰਾਗਾਂ ਅਤੇ ਸੁਰ ਤਾਲਾਂ ਵਿੱਚ ਗਾਇਆ ਜਾਂਦਾ ਹੈ। ਇਸ ਗਾਇਨ ਦੀ ਲੈਅ ਬਹੁਤ ਤੇਜ਼ ਹੁੰਦੀ ਹੈ। ਲੈਅ ਦਾ ਮਹੱਤਵ ਇਸ ਗਾਇਨ ਵਿੱਚ ਜ਼ਿਆਦਾ ਹੁੰਦਾ ਹੈ। ਦਰੁੱਤ ਲੈਅ ਵਿੱਚ ਅਰਥਹੀਣ ਸ਼ਬਦਾਂ ਨੂੰ ਕਹਿਣ ਲਈ ਰਿਆਜ਼ ਦੀ ਬਹੁਤ ਲੋੜ ਹੁੰਦੀ ਹੈ। ਤਰਾਨੇ ਦੀ ਲੈਅ ਹੌਲੀ ਹੌਲੀ ਵਧਾਈ ਜਾਂਦੀ ਹੈ ਅਤੇ ਬਹੁਤ ਹੀ ਤੇਜ਼ ਗਤੀ ਵਿੱਚ ਪਹੁੰਚ ਕੇ ਇਸਨੂੰ ਖਤਮ ਕਰਦੇ ਹਾਂ। ਤਰਾਨੇ ਦਾ ਮੁੱਖ ਉਦੇਸ਼ ਤਿਆਰੀ, ਲੈਅਕਾਰੀ ਅਤੇ ਉਚਾਰਣ ਅਭਿਆਸ ਹੈ। ਤੇਜ਼ ਲੈਅ ਵਿੱਚ ਤਰਾਨਾ ਗਾਉਣ ਨਾਲ ਹੀ ਆਵਾਜ਼ ਵਿੱਚ ਸਫਾਈ ਆਉਂਦੀ ਹੈ। ਤਰਾਨਾ ਦੇ ਦੋ ਭਾਗ ਹੁੰਦੇ ਹਨ-ਸਥਾਈ ਅਤੇ ਅੰਤਰਾ। ਜ਼ਿਆਦਾਤਰ ਗਾਇਕ ਇਸਨੂੰ ਛੋਟੇ ਖਿਆਲ ਤੋਂ ਬਾਦ ਗਾਉਂਦੇ ਹਨ। ਕੁਝ ਤਰਾਨਿਆਂ ਵਿੱਚ ਤਬਲਾ ਅਤੇ ਪਖਾਵਜ਼ ਦੇ ਬੋਲ ਵੀ ਹੁੰਦੇ ਹਨ। ਕਿਧਰੇ ਕਿਧਰੇ ਫਾਰਸੀ ਦੇ ਸ਼ਬਦ ਵੀ ਹੁੰਦੇ ਹਨ। ਸਵਰਗੀ ਅਮੀਰ ਖਾਂ ਦੇ ਮੱਤ ਅਨੁਸਾਰ ਤਰਾਨਾ ਦੇ ਸ਼ਬਦਾਂ ਦਾ ਵੀ ਅਰਥ ਹੁੰਦਾ ਹੈ। ਉਨ੍ਹਾਂ ਅਨੁਸਾਰ ਤਰਾਨੇ ਵਿੱਚ ਅਰਬੀ-ਫਾਰਸੀ ਦੇ ਸ਼ਬਦ ਹੁੰਦੇ ਹਨ ਜਿਸ ਵਿੱਚ ਬੰਦਾ ਖੁਦਾ ਨੂੰ ਪ੍ਰਾਰਥਨਾ ਕਰਦਾ ਹੈ। ਬਹਾਦਰ ਹੁਸੈਨ ਖਾਂ, ਤਾਨਰਸ ਖਾਂ ਅਤੇ ਨਥੂ ਖਾਂ ਦੇ ਤਰਾਨੇ ਬਹੁਤ ਪ੍ਰਸਿੱਧ ਹਨ।

**ਠੁਮਰੀ:** ਇਹ ਗੀਤ ਦਾ ਉਹ ਪ੍ਰਕਾਰ ਹੈ ਜਿਸ ਵਿੱਚ ਰਾਗ ਦੀ ਸ਼ੁਧੱਤਾ ਨਾਲੋਂ ਭਾਵਾਂ ਅਤੇ ਸੁੰਦਰਤਾ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਠੁਮਰੀ ਗਾਇਨ ਦੀ ਖੋਜ ਦੇ ਵਿਸ਼ੇ ਵਿੱਚ ਕੁਝ ਨਿਸ਼ਚਿਤ ਨਹੀਂ ਕਿਹਾ



Downloaded from https:// www.studiestoday.com

Downloaded from https:// www.studiestoday.com

ਜਾ ਸਕਦਾ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਠੁਮਰੀ ਗਾਇਨ ਦੀ ਖੋਜ ਲਖਨਊ ਵਿੱਚ ਹੋਈ। ਪਰ ਇਸਦਾ ਪ੍ਰਚਾਰ ਲਖਨਊ ਦੇ ਨਵਾਬਾਂ ਦੇ ਦਰਬਾਰ ਵਿੱਚ ਖੂਬ ਹੋਇਆ। ਇਹ ਸੰਭਵ ਹੈ ਕਿ ਉਸੀ ਸਮੇਂ ਠੁਮਰੀ ਦੀ ਖੋਜ ਹੋਈ ਹੋਵੇ।

ਇਹ ਗਾਇਨ ਬਹੁਤ ਹੀ ਮਧੁਰ ਅਤੇ ਰਸੀਲਾ ਹੁੰਦਾ ਹੈ। ਇਸ ਵਿੱਚ ਗੀਤ ਛੋਟਾ ਹੁੰਦਾ ਹੈ ਪਰ ਇਹ ਗਾਇਨ ਬਹੁਤ ਲੋਕਪ੍ਰਿਯ ਹੈ। ਇਸ ਵਿੱਚ ਸਥਾਈ ਅਤੇ ਅੰਤਰਾ ਦੋ ਭਾਗ ਹੁੰਦੇ ਹਨ। ਇਸ ਦੀ ਪ੍ਰਾਕ੍ਰਿਤੀ ਬਹੁਤ ਚੰਚਲ ਅਤੇ ਦਰੁਤ ਹੁੰਦੀ ਹੈ ਇਸ ਲਈ ਇਹ ਜ਼ਿਆਦਾਤਰ ਕਾਫੀ, ਖਮਾਜ਼, ਪੀਲੂ, ਦੇਸ, ਭੈਰਵੀ, ਮਾਂਡ, ਝਿੰਝੋਟੀ, ਤਿਲੰਗ, ਬਰਵਾ, ਤਿਲੰਗ, ਤਿਲਕ ਕਾਮੋਦ ਆਦਿ ਰਾਗਾਂ ਵਿੱਚ ਗਾਈ ਜਾਂਦੀ ਹੈ। ਇਸ ਵਿੱਚ ਰਾਗ ਦੀ ਸ਼ੁਧਤਾ ਦਾ ਧਿਆਨ ਨਾ ਕਰਕੇ ਗਾਇਕ ਜਾਣ ਬੁਝ ਕੇ ਵੱਖ ਵੱਖ ਰਾਗਾਂ ਦਾ ਮਿਸ਼ਰਣ ਕਰਕੇ ਅਪਣੇ ਗਾਇਨ ਨੂੰ ਮਧੁਰ ਬਣਾਉਂਦਾ ਹੈ। ਠੁਮਰੀ ਸ਼ਿੰਗਾਰ ਰਸ ਪ੍ਰਧਾਨ ਹੁੰਦੀ ਹੈ ਇਸ ਲਈ ਇਸ ਵਿੱਚ ਮੀਂਡ, ਖਟਕਾ, ਕਣ, ਪਲਟਾ, ਛੋਟੀ-ਛੋਟੀ ਤਾਨ, ਬੋਲ ਤਾਨ ਅਤੇ ਬੋਲ ਅਲਾਪ ਮਨ ਨੂੰ ਮੋਹ ਲੈਂਦੇ ਹਨ। ਗਾਇਕ ਗੀਤ ਦੇ ਸ਼ਬਦਾਂ ਨੂੰ ਅਨੇਕ ਭਾਵਾਂ ਦੇ ਨਾਲ ਸੁਰ ਰਾਹੀਂ ਪੇਸ਼ ਕਰਦਾ ਹੈ। ਠੁਮਰੀ ਨਾਲ ਜ਼ਿਆਦਾਤਰ ਦੀਪਚੰਦੀ ਜਾਂ ਜਤ ਤਾਲ ਵਜਾਈ ਜਾਂਦੀ ਹੈ। ਅੰਤਰੇ ਤੋਂ ਸਥਾਈ ਵਿੱਚ ਆਉਂਦੇ ਸਮੇਂ ਕਹਿਰਵਾ ਤਾਲ ਵਿੱਚ ਆ ਜਾਂਦੇ ਹਨ। ਫੇਰ ਵੱਖ-ਵੱਖ ਤਰ੍ਹਾਂ ਦੇ ਸੁੰਦਰ ਬੋਲ ਬਣਾਉਂਦੇ ਹਨ। ਥੋੜੀ ਦੇਰ ਬਾਦ ਦੁਬਾਰਾ ਪਹਿਲੇ ਠੇਕੇ ਅਤੇ ਲੈਅ ਵਿੱਚ ਆ ਜਾਂਦੇ ਹਨ। ਠੁਮਰੀ ਲਈ ਗਲਾ ਮਧੁਰ ਅਤੇ ਚਪਲ ਹੁੰਦਾ ਹੈ। ਹਿੰਦੁਸਤਾਨੀ ਸੰਗੀਤ ਵਿੱਚ ਤਿੰਨ ਤਰ੍ਹਾਂ ਦੀਆਂ ਠੁਮਰੀਆਂ ਵਿਸ਼ੇਸ ਰੂਪ ਵਿੱਚ ਪ੍ਰਸਿੱਧ ਹਨ: 1. ਲਖਨਊ ਦੀ ਠੁਮਰੀ 2. ਬਨਾਰਸ ਦੀ ਠੁਮਰੀ 3. ਪੰਜਾਬੀ ਠੁਮਰੀ। ਪੰਜਾਬ ਅੰਗ ਦੀ ਠੁਮਰੀ ਵਿੱਚ ਬਾਰਾਂ ਸੁਰ ਵਰਤ ਕੇ ਛੋਟੀਆਂ ਛੋਟੀਆਂ ਪੇਚਦਾਰ ਤਾਨਾਂ ਦੀ ਵਰਤੋਂ ਹੁੰਦੀ ਹੈ। ਬਨਾਰਸ ਅੰਗ ਦੀ ਠੁਮਰੀ ਵਿੱਚ ਹੌਲੀ ਹੌਲੀ ਲੋਚਦਾਰ ਸੁਰ-ਸਮੂਹਾਂ ਰਾਹੀਂ ਸ਼ਬਦਾਂ ਨੂੰ ਵਧਾਉਂਦੇ ਹਨ। ਠੁਮਰੀ ਦੇ ਗੀਤਾਂ ਵਿੱਚ ਜ਼ਿਆਦਾਤਰ ਰਾਧਾ-ਕ੍ਰਿਸ਼ਣ ਦੀ ਪ੍ਰੇਮ ਲੀਲਾਵਾਂ ਦਾ ਵਰਨਣ ਅਤੇ ਬਿਰਹਾ ਦਾ ਵਰਨਣ ਹੁੰਦਾ ਹੈ।

ਵਰਤਮਾਨ ਸਮੇਂ ਵਿੱਚ ਠੁਮਰੀ ਗਾਇਨ ਦਾ ਪ੍ਰਚਾਰ ਬਹੁਤ ਜ਼ਿਆਦਾ ਹੋ ਰਿਹਾ ਹੈ ਅਤੇ ਇਸ ਨਾਲ ਮਨੋਰੰਜਨ ਵੀ ਜ਼ਿਆਦਾ ਹੁੰਦਾ ਹੈ।

**ਟੱਪਾ:** ਇਹ ਗੀਤ ਦਾ ਉਹ ਪ੍ਰਕਾਰ ਹੈ ਜਿਸਦੇ ਸ਼ਬਦ ਪੰਜਾਬੀ ਭਾਸ਼ਾ ਵਿੱਚ ਹੁੰਦੇ ਹਨ। ਕਿਹਾ ਜਾਂਦਾ ਹੈ ਕਿ ਮੁਹੰਮਦ ਸ਼ਾਹ ਦੇ ਸਮੇਂ ਗੁਲਾਮ ਨਵੀ ਸ਼ੋਰੀ ਨੇ ਇਸ ਦੀ ਖੋਜ ਪੰਜਾਬ ਦੇ ਇਕ ਲੋਕ ਗੀਤ ਦੇ ਅਧਾਰ ਤੇ ਕੀਤੀ ਸੀ। ਟੱਪਾ ਗਾਇਕ ਖਿਆਲ ਗਾਇਕੀ ਤੋਂ ਅਲਗ ਹੁੰਦਾ ਹੈ। ਇਸਦੇ ਦੋ ਭਾਗ ਸਥਾਈ ਅਤੇ ਅੰਤਰਾ ਹੁੰਦੇ ਹਨ। ਇਸ ਗੀਤ ਦੇ ਸ਼ਬਦ ਬਹੁਤ ਘਟ ਹੁੰਦੇ ਹਨ। ਇਹ ਸ਼ਿੰਗਾਰ ਰਸ ਪ੍ਰਧਾਨ ਗੀਤ ਹੁੰਦਾ ਹੈ। ਇਸਦੀ ਪ੍ਰਾਕ੍ਰਿਤੀ ਚੰਚਲ ਹੁੰਦੀ ਹੈ। ਚੰਚਲ ਪ੍ਰਾਕ੍ਰਿਤੀ ਦੇ ਰਾਗ ਜਿਵੇਂ :ਕਾਫੀ, ਭੈਰਵੀ, ਖਮਾਜ, ਝਿੰਝੋਟੀ, ਪੀਲੂ ਆਦਿ ਰਾਗਾਂ ਵਿੱਚ ਟੱਪਾ ਗਾਇਆ ਜਾਂਦਾ ਹੈ। ਖਿਆਲ ਦੀ ਤਰ੍ਹਾਂ ਟੱਪੇ ਵਿੱਚ ਵੀ ਖਟਕਾ ਮੁਰਕੀ, ਮੀਂਡ, ਛੋਟੀਆਂ ਅਤੇ ਪੇਚਦਾਰ ਤਾਨਾਂ ਦੀ ਵਰਤੋਂ ਜ਼ਿਆਦਾ ਹੁੰਦੀ ਹੈ। ਇਸਨੂੰ ਗਾਉਣ ਲਈ ਗਲੇ ਦੀ ਤਿਆਰੀ ਕਾਫੀ ਚਾਹੀਦੀ ਹੁੰਦੀ ਹੈ। ਇਸ ਵਿੱਚ ਅਲਾਪ ਬਿਲਕੁਲ ਨਹੀਂ ਹੁੰਦਾ। ਬਹੁਤ ਜ਼ਿਆਦਾ ਰਿਆਜ਼ ਤੋਂ ਬਾਦ



Downloaded from https:// www.studiestoday.com

Downloaded from https:// www.studiestoday.com

ਇਸ ਗਾਇਨ ਸ਼ੈਲੀ ਨੂੰ ਗਾਉਂਦੇ ਸਮੇਂ ਅਨੇਕਾਂ ਟੁਕੜਿਆਂ ਨੂੰ ਰੁਕ-ਰੁਕ ਕੇ ਕਿਹਾ ਜਾਂਦਾ ਹੈ। ਇਸ ਗਾਇਕੀ ਦਾ ਪ੍ਰਚਾਰ ਪੰਜਾਬ ਵਿੱਚ ਬਹੁਤ ਹੈ। ਇਸਨੂੰ ਗਾਉਣ ਲਈ ਇਕ ਵਿਸ਼ੇਸ਼ ਤਰ੍ਹਾਂ ਦੀ ਤਾਲ ਵਰਤੀ ਜਾਂਦੀ ਹੈ ਜਿਸਨੂੰ 'ਟੱਪ ਤਾਲ' ਕਹਿੰਦੇ ਹਨ। ਟੱਪਾ ਫਿਰ ਦੋਸਤ ਤਾਲ ਵਿੱਚ ਵੀ ਗਾਇਆ ਜਾਂਦਾ ਹੈ। ਅੱਜ ਕਲ ਇੱਕ ਹੀ ਗਾਇਕ ਖਿਆਲ, ਧਰੁਪਦ, ਧਮਾਰ, ਠੁਮਰੀ, ਟੱਪਾ ਆਦਿ ਅਲਗ-ਅਲਗ ਗਾਇਨ ਸ਼ੈਲੀਆਂ ਨੂੰ ਗਾ ਸਕਦਾ ਹੈ।

## ਪਾਠ-ਅਭਿਆਸ

**ਵਸਤੂਨਿਸ਼ਠ ਪ੍ਰਸ਼ਨ:**

1. ਸ਼ਾਸਤਰਕਾਰਾਂ ਨੇ ਸੰਗੀਤ ਨੂੰ ਕਿੰਨ੍ਹੇ ਭਾਗਾਂ ਵਿੱਚ ਵੰਡਿਆ ਨਾਂ ਦਸੋ ?
2. ਗਾਇਨ ਦੀਆਂ ਕਿੰਨ੍ਹੇ ਪ੍ਰਕਾਰ ਦੀਆਂ ਸ਼ੈਲੀਆਂ ਹਨ ?
3. ਖਿਆਲ ਦੀਆਂ ਕਿੰਨੀਆਂ ਕਿਸਮਾਂ ਹਨ ? ਜਾਂ ਖਿਆਲ ਕਿੰਨੀ ਤਰ੍ਹਾਂ ਦੇ ਹੁੰਦੇ ਹਨ।
4. ਸੰਗੀਤ ਵਿੱਚ ਵਿਸ਼ੇਸ਼ ਰੂਪ ਨਾਲ ਪ੍ਰਸਿੱਧ ਠੁਮਰਿਆਂ ਦਾ ਨਾਂ ਦਸੋ ?
5. ਟੱਪਾ ਖਾਸ ਤੌਰ ਤੇ ਕਿਸ ਭਾਸ਼ਾ ਵਿੱਚ ਹੁੰਦਾ ਹੈ ?

**ਅਧਿਆਪਕ ਲਈ:**

ਅਲਗ-ਅਲਗ ਸ਼ੈਲੀਆਂ ਦੀ ਜਾਣਕਾਰੀ ਵਿਦਿਆਰਥੀਆਂ ਨੂੰ ਦਿੱਤੀ ਜਾਵੇ।



Downloaded from https:// www.studiestoday.com

Downloaded from https:// www.studiestoday.com

# ਪੰਜਾਬ ਦੇ ਉੱਘੇ ਲੋਕ ਗਾਇਕਾਂ ਦਾ ਲੋਕ ਸੰਗੀਤ ਵਿੱਚ ਯੋਗਦਾਨ

ਪਾਠ 10

**ਲੋਕ ਸੰਗੀਤ:** ਕੋਈ ਵੀ ਸੰਗੀਤ ਜਿਸ ਦਾ ਨਿਰਮਾਣ ਲੋਕਾਂ ਰਾਹੀਂ ਹੋਵੇ ਅਤੇ ਉਹ ਪਰੰਪਰਾਗਤ ਇੱਕ ਦੂਜੇ ਨੂੰ ਮਿਲਿਆ ਹੋਵੇ ਨੂੰ ਲੋਕ ਸੰਗੀਤ ਕਿਹਾ ਜਾਂਦਾ ਹੈ। ਲੋਕ ਸੰਗੀਤ ਇੱਕ ਸਰਵ-ਵਿਆਪੀ ਕਲਾ ਹੈ। ਇਸ ਵਿੱਚ ਮਨੁੱਖ ਦੇ ਰੋਜ਼ਾਨਾ ਜੀਵਨ ਦੀ ਝਲਕੀ ਮਿਲਦੀ ਹੈ। ਇਸ ਦੀ ਖਿਚੋ ਨਾਲ ਲੋਕ ਇੱਕਠੇ ਹੋ ਕੇ ਗਾਉਂਦੇ, ਵਜਾਉਂਦੇ, ਨੱਚਦੇ ਅਤੇ ਸੁਣਦੇ ਹਨ। ਇਹ ਏਕਤਾ ਦਾ ਸਬੂਤ ਹੈ। ਲੋਕ ਸੰਗੀਤ ਇੱਕ ਵਿਸ਼ਵ-ਵਿਆਪੀ ਭਾਸ਼ਾ ਹੈ। ਸੰਸਾਰ ਦਾ ਹਰ ਇੱਕ ਜੀਵ ਲੋਕ ਸੰਗੀਤ ਤੋਂ ਆਨੰਦ ਪ੍ਰਾਪਤ ਕਰਦਾ ਹੈ। ਕਿਸੇ ਵੀ ਦੇਸ਼ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਬਾਰੇ ਜੇ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਉਥੋਂ ਦੇ ਲੋਕ ਸੰਗੀਤ ਵਿਚੋਂ ਉਸ ਬਾਰੇ ਜਾਣਿਆ ਜਾ ਸਕਦਾ ਹੈ।

ਲੋਕ ਸੰਗੀਤ ਤਿੰਨ ਪ੍ਰਕਾਰ ਦਾ ਹੈ: ਲੋਕ ਗੀਤ, ਲੋਕ ਵਾਦਨ ਅਤੇ ਲੋਕ ਨਾਚ। ਲੋਕ ਗੀਤ ਗਾਉਣ ਵਾਲੇ ਨੂੰ ਲੋਕ ਗਾਇਕ ਕਿਹਾ ਜਾਂਦਾ ਹੈ। ਲੋਕ ਗੀਤ ਦੀ ਭਾਸ਼ਾ ਬਹੁਤ ਹੀ ਸਰਲ ਹੁੰਦੀ ਹੈ। ਇਸ ਨੂੰ ਹਰ ਮਨੁੱਖ ਚਾਹੇ ਉਹ ਅਨਪੜ੍ਹ ਜਾਂ ਪੜ੍ਹਿਆ ਲਿਖਿਆ ਹੋਵੇ ਗਾ ਸਕਦਾ ਹੈ। ਇਹਨਾਂ ਗੀਤਾਂ ਵਿੱਚ ਅਕਸਰ ਰੋਜਾਨਾ ਦੇ ਕੰਮ ਕਾਜ ਕਰਨ ਦਾ ਵੇਰਵਾ ਹੀ ਹੁੰਦਾ ਹੈ ਇਹਨਾਂ ਗੀਤਾਂ ਵਿੱਚ ਇਤਿਹਾਸ, ਸੱਭਿਆਚਾਰ ਅਤੇ ਤਿਉਹਾਰਾਂ ਦਾ ਵਰਣਨ ਕੀਤਾ ਹੁੰਦਾ ਹੈ। ਕੁਝ ਪ੍ਰਸਿੱਧ ਉਘੇ ਲੋਕ ਗਾਇਕਾਂ ਦਾ ਵਰਣਨ ਇਸ ਪ੍ਰਕਾਰ ਹੈ:



ਆਸਾ ਸਿੰਘ ਮਸਤਾਨਾ

**ਆਸਾ ਸਿੰਘ ਮਸਤਾਨਾ :** ਪੰਜਾਬੀ ਲੋਕ ਗਾਇਕੀ ਨੂੰ ਅਨੇਕ ਗਾਇਕਾਂ ਨੇ ਅਪਣਾਇਆ ਪਰ ਇਸ ਨੂੰ ਆਖਰੀ ਸਾਹਾਂ ਤੱਕ ਨਿਭਾਉਣ ਵਾਲੇ ਕੁਝ ਕੁ ਹੀ ਗਾਇਕਾਂ ਦੇ ਨਾਂ ਅੱਜ ਉਂਗਲਾਂ ਉਤੇ ਲਏ ਜਾ ਸਕਦੇ ਹਨ। ਅਜਿਹੇ ਲੋਕ ਗਾਇਕ ਭਾਵ ਪੈਸੇ ਜਿਆਦਾ ਨਾ ਕਮਾ ਸਕੇ ਹੋਣ। ਪਰੰਤੂ ਉਹਨਾਂ ਦੇ ਗੀਤਾਂ ਦੀ ਉਮਰ ਲੰਮੇਰੀ ਹੋਣ ਕਰਕੇ ਲੋਕ ਗਾਇਕੀ ਚਿਰਾਂ ਤੱਕ ਲੋਕ ਮਨਾਂ ਵਿੱਚ ਵਸੀ ਰਹਿੰਦੀ ਹੈ ਅਤੇ ਲੋਕ ਗਾਇਕ ਸੰਗੀਤ ਪ੍ਰੇਮੀਆਂ ਦੇ ਦਿਲਾਂ ਉੱਤੇ ਰਾਜ ਕਰਦੇ ਰਹਿੰਦੇ



Downloaded from https:// www.studiestoday.com

Downloaded from https:// www.studiestoday.com

ਹਨ। ਅਜਿਹੇ ਹੀ ਪੰਜਾਬੀ ਲੋਕ ਗਾਇਕੀ ਨੂੰ ਪ੍ਰਫੁਲਤ ਕਰਨ ਵਾਲੇ ਅਤੇ ਪੰਜਾਬੀ ਗਾਇਕੀ ਨੂੰ ਮਾਣ ਸਨਮਾਨ ਦਵਾਉਣ ਵਾਲੇ ਲੋਕ ਗਾਇਕਾਂ ਵਿਚੋਂ ਇੱਕ ਸਿਰ ਕੱਢਵਾਂ ਨਾ ਆਸਾ ਸਿੰਘ ਮਸਤਾਨਾ ਜੀ ਦਾ ਲਿਆ ਜਾਂਦਾ ਹੈ।

ਆਸਾ ਸਿੰਘ ਮਸਤਾਨਾ ਦਾ ਜਨਮ ਮਾਤਾ ਅੰਮ੍ਰਿਤ ਕੌਰ ਦੀ ਕੁੱਖੋ ਪਿਤਾ ਪ੍ਰੀਤਮ ਸਿੰਘ ਦੇ ਘਰ 22 ਅਗਸਤ 1927 ਨੂੰ ਸ਼ੇਖਪੁਰਾ (ਪਾਕਿਸਤਾਨ) ਵਿਖੇ ਹੋਇਆ। ਆਸਾ ਸਿੰਘ ਦੀ ਬਚਪਨ ਤੋਂ ਹੀ ਗਾਉਣ ਵਿੱਚ ਰੁਚੀ ਸੀ ਉਹ ਜਿਆਦਾ ਉੱਚੀ ਗਾਇਕੀ ਨਾਲੋਂ ਮਿੱਠਾ ਮਿੱਠਾ ਨੀਵੇਂ ਸੁਰਾਂ ਉੱਤੇ ਗਾਉਣਾ ਜ਼ਿਆਦਾ ਪਸੰਦ ਕਰਦਾ ਸੀ। ਭਾਰਤ ਪਾਕਿਸਤਾਨ ਦੀ ਵੰਡ ਤੋਂ ਬਾਅਦ ਆਪ ਦਾ ਸਾਰਾ ਪਰਿਵਾਰ ਦਿੱਲੀ ਆ ਕੇ ਵਸ ਗਿਆ। ਦਿੱਲੀ ਵਿਖੇ ਹੀ ਆਪ ਦੇ ਗਾਉਣ ਦੀ ਰੁਚੀ ਨੂੰ ਵੇਖਦਿਆਂ ਪਿਤਾ ਜੀ ਨੇ ਆਪ ਨੂੰ ਪੰਡਿਤ ਦੁਰਗਾ ਪ੍ਰਸਾਦ ਕੋਲ ਸੰਗੀਤ ਸਿੱਖਣ ਲਈ ਭੇਜਿਆ। ਪੰਡਿਤ ਜੀ ਪਾਸੋਂ ਸੰਗੀਤਕ ਬਾਰੀਕਿਆਂ ਸਿੱਖਣ ਦੇ ਨਾਲ ਨਾਲ ਆਪ ਨੂੰ ਬਹੁਤ ਜਲਦੀ ਗੀਤਾਂ ਦੀ ਪਰਖ ਅਤੇ ਆਪਣੀ ਆਵਾਜ ਅਨੁਸਾਰ ਗਾਇਨ ਕਰਨ ਦਾ ਢੰਗ ਆ ਗਿਆ। ਸੰਗੀਤ ਸਿੱਖਦੇ ਸਿੱਖਦੇ ਹੀ ਆਪ ਨੂੰ ਦਿੱਲੀ ਦੇ ਇੱਕ ਸਰਕਾਰੀ ਬੈਂਕ ਵਿੱਚ ਨੌਕਰੀ ਮਿਲ ਗਈ ਆਪ ਨੇ ਨੌਕਰੀ ਦੇ ਨਾਲ ਨਾਲ ਗਾਇਕੀ ਨੂੰ ਨਹੀਂ ਛੱਡਿਆ ਅਤੇ ਆਪ ਨੂੰ ਆਪ ਦੀ ਸੰਗੀਤ ਪ੍ਰਤੀ ਇਸ ਲਗਨ ਨੇ ਬਹੁਤ ਜਲਦੀ ਪੰਜਾਬੀ ਲੋਕ ਗਾਇਕਾਂ ਦੇ ਪਹਿਲੇ ਦਰਜੇ ਦੇ ਗਾਇਕਾਂ ਵਿੱਚ ਲਿਆ ਕੇ ਖੜਾ ਕਰ ਦਿੱਤਾ।

ਆਪ ਨੇ ਪਹਿਲੀ ਵਾਰ ਸੰਨ 1949 ਵਿੱਚ ਰੇਡੀਓ ਉੱਤੇ ਤੱਤੀਏ ਹਵਾਏ, ਕਿਹੜੇ ਪਾਸਿਉਂ ਤੂੰ ਆਈ ਏਂ ਨਾਮੀ ਗੀਤ ਗਾਇਆ। ਜਿਸਨੂੰ ਕਾਫੀ ਪਸੰਦ ਕੀਤਾ ਗਿਆ ਅਤੇ ਆਪਨੂੰ ਕਾਫੀ ਸ਼ੌਹਰਤ ਹਾਸਿਲ ਹੋਈ। ਅਜਿਹੇ ਹੀ ਅਨੇਕ ਗੀਤ ਆਪ ਨੇ ਲਗਾਤਾਰ ਗਾਏ ਅਤੇ ਲੋਕਾਂ ਦੇ ਦਿਲਾਂ ਵਿੱਚ ਵੱਸ ਗਏ ਜੋ ਅੱਜ ਵੀ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਵੱਸ ਗਏ ਜੋ ਅੱਜ ਵੀ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਤਰੋ ਤਾਜਾ ਹਨ।'ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ, ਮੁਟਿਆਰੇ ਜਾਣਾ ਦੂਰ ਪਿਆ, ਅਤੇ ਮੈਨੂੰ ਤੇਰਾ ਸ਼ਬਾਬ ਲੈ ਬੈਠਾ ਆਦਿ ਗੀਤ ਤਾਂ ਆਪਦੀ ਗਾਇਕੀ ਦੇ ਸ਼ਿਖਰ ਨੂੰ ਛੂਹ ਗਏ। "ਜਦੋਂ ਮੇਰੀ ਅਰਥੀ ਉਠਾ ਕੇ ਚਲਣਗੇ, ਮੇਰੇ ਯਾਰ ਸਭ ਹੁੰਮ-ਹੁੰਮਾ ਕੇ ਚਲਣਗੇ" ਨਾਮਕ ਗੀਤ ਤਾਂ ਅੱਜ ਵੀ ਸੁਣਨ ਵਾਲਿਆਂ ਦੀਆਂ ਅੱਖਾਂ ਨੂੰ ਨਮ ਕਰ ਜਾਂਦਾ ਹੈ।

ਆਸਾ ਸਿੰਘ ਮਸਤਾਨਾ ਨੂੰ ਸੋਲੋ ਅਤੇ ਦੋਗਾਣਾ ਦੋਵੇਂ ਤਰ੍ਹਾਂ ਦੇ ਗੀਤ ਵਿੱਚ ਕਬੂਲਿਆ ਗਿਆ। ਦੋਗਣਾ ਗੀਤਾਂ ਵਿੱਚ ਆਪ ਦੀ ਜੋੜੀ ਪੰਜਾਬ ਦੀ ਕੋਇਲ "ਸੁਰਿੰਦਰ ਕੌਰ" ਨਾਲ ਰਹੀ। ਆਪ ਦੀ ਇਸ ਜੋੜੀ ਨੇ ਪ੍ਰਸਿੱਧ ਗੀਤ "ਇਹ ਮੁੰਡਾ ਨਿਰਾ ਛਨਿੱਚਰ ਏ, ਕੁੰਡਲਾਂ ਤੇ ਪੁੱਛ ਗੋਰੀਏ, ਦੱਸ ਕਿਹੜੇ ਮੈਂ ਬਹਾਨੇ ਆਵਾਂ, ਤੈਨੂੰ ਮਿਲਣੇ ਦਾ ਚਾਅ-ਮਾਹੀਆ, ਮੇਰੇ ਯਾਰ ਨੂੰ ਮੰਦਾ ਨਾ ਬੋਲੀਂ ਆਦਿ ਗਾਏ। ਪੰਜਾਬੀ ਗਾਇਕ ਨੂੰ ਸਹੀ ਅਰਥਾਂ ਵਿੱਚ ਲੰਮੀਆਂ ਉਮਰਾਂ ਦੇਣ ਵਾਲੇ ਆਸਾ ਸਿੰਘ ਮਸਤਾਨਾ ਨੂੰ 1985 ਵਿੱਚ ਭਾਰਤ ਸਰਕਾਰ ਦੁਆਰਾ "ਪਦਮ ਸ੍ਰੀ" ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। 1986 ਵਿੱਚ ਰਾਸ਼ਟਰਪਤੀ



Downloaded from https:// www.studiestoday.com

Downloaded from https:// www.studiestoday.com

ਆਰ.ਕੇ. ਵੈਂਕਟਰਮਨ ਵਲੋਂ ਸੰਗੀਤ ਨਾਟਕ ਅਕਾਦਮੀ ਅਵਾਰਡ ਦਿੱਤਾ ਗਿਆ। 1960 ਦੇ ਆਸਪਾਸ ਅਕਾਸ਼ਵਾਣੀ ਦੇ ਸਾਰੇ ਪ੍ਰੋਗਰਾਮਾਂ ਵਿੱਚ ਆਪਦੇ ਹੀ ਗੀਤ ਸੁਣਨ ਨੂੰ ਮਿਲਦੇ ਸਨ। ਲੋਕ ਇਹ ਵੀ ਆਖਦੇ ਸਨ ਕਿ ਵਾਰਸ ਕੀ ਹੀਰ ਤੋਂ ਬਾਅਦ ਹੁਣ ਅਸੀਂ ਮਸਤਾਨੇ ਦੀ ਹੀਰ ਸੁਣਨੀ ਹੈ।

1991 ਵਿੱਚ ਰਿਜ਼ਰਵ ਬੈਂਕ ਦੀ ਨੌਂਕਰੀ ਤੋ ਸੇਵਾ ਮੁਕਤ ਹੋ ਗਏ ਅਤੇ ਕਈ ਇਨਾਮਾਂ ਸਨਮਾਨਾਂ ਨਾਲ ਨਿਵਾਜੇ ਗਏ। 23 ਮਈ 1999 ਨੂੰ ਦਿੱਲੀ ਵਿਖੇ ਅਕਾਲ ਚਲਾਣਾ ਕਰ ਜਾਣ ਵਾਲਾ ਪੰਜਾਬੀ ਸੰਗੀਤ ਦਾ ਇਹ ਮਹਾਨ ਲੋਕ ਗਾਇਕ ਬਹੁਤ ਹੀ ਖੁਸ਼ ਤਬੀਅਤ ਦਾ ਮਾਲਕ ਅਤੇ ਇੱਕ ਨੇਕ ਬੰਦਾ ਸੀ।

